# mere geet



## GIANI SOHAN SINGH SITAL

# ਮੇਰੇ ਗੀਤ


ਲੇਖਕ

ਸੋਹਣ ਸਿੰਘ ਸੀਤਲ



ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)



ਮਿਲਨ ਦਾ ਪਤਾ :-

**ਸੀਤਲ ਪੁਸਤਕ ਭੰਡਾਰ**

ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ-੨.

# ਤਤਕਰਾ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਮੁਖ ਬੰਧ ੯
੧ ਜਦੋਂ ਮੈਂ ਗੀਤ ਲਿਖਦਾ ਹਾਂ ੧੫
੨ ਕੇਸਰੀ ਦੁਪੱਟਾ ੧੬
੩ ਭਾਬੀ ! ਮੇਰੀ ਗੁੱਤ ਨਾ ਕਰੀਂ ੧੭
੪ ਟੱਪ ਨੀ ਜਵਾਨੀਏਂ ੧੮
੫ ਚੁੰਨੀ ਅਸਮਾਨੀ ਰੰਗ ਦੀ ੧੯
੬ ਉਡਣੀ ਜਵਾਨੀ ੨੦
੭ ਪੱਲਾ ਡੋਲੇ ਦਾ ਜਾਂ ਚੁੱਕ ਕੇ ੨੧
੮ ਤੀਆਂ ਵਿਚ ਆ ਮਿੱਤਰਾ ੨੨
੯ ਤੂੰ ਘਰ ਆ ਚੰਨਾ ੨੩
੧੦ ਨਜ਼ਰਾਂ ਨਾ ਲਾਵੀਂ ਭਾਬੀ ! ੨੫
੧੧ ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ ੨੬

੧੨ ਸੂਰਜ 'ਤੇ ਪੱਲਾ ਪਾਇਆਂ ੨੭
੧੩ ਸ਼ਹਿਰੀਂ ਨਾ ਜਾਈਂ ਵੇ ੨੮
੧੪ ਅੱਜ ਸਾਡੇ ਓਸ ਆਉਣਾ ੨੯
੧੫ ਗੁੰਗਾ ਏ ਪਿਆਰ ਮੇਰਾ ੩੦
੧੬ ਮੈਂ ਨਹੀਂ ਤਕਣਾ ਤੇਰੀ ਓਰ ੩੧
੧੭ ਲੈ ਦੇ ਰਬੜ ਦਾ ਬਾਵਾ ੩੨
੧੮ ਭੁੱਲੀਆਂ ਯਾਦਾਂ ਆਵਣ ੩੪
੧੯ ਦੁਨੀਆਂ ਨਵੀਂ ਵਸਾਈਏ ੩੫
੨੦ ਨੌਕਰ ਦੇ ਕਿਉਂ ਵਿਆਹੀ ੩੬
੨੧ ਨਿੰਮ੍ਹੀ ਨਿੰਮ੍ਹੀ ਪੈਂਦੀ ਏ ਫੁਹਾਰ ੩੮
੨੨ ਬੀਤੇ ਦੁਖ ਨਾ ਫੋਲ ੪੦
੨੩ ਹਟੋ, ਜਾਓ ਜਾਓ ੪੧
੨੪ ਚਰਖੇ 'ਤੇ ਜੀ ਨਹੀਂ ਲੱਗਦਾ ੪੨
੨੫ ਮੋੜ ਨਾ ਮਾਏ ੪੩
੨੬ ਪਿੱਪਲੀਂ ਪੀਂਘਾਂ ਪਾਉਨੀਆਂ ੪੪
੨੭ ਨੱਚ ਕੇ ਵਿਖਾਵਾਂ ਚੰਨ ਵੇ ੪੬
੨੮ ਠੰਢੀ ਵਗਦੀ ਪੁਰੇ ਦੀ ਵਾ ੪੮
੨੯ ਕੰਮ ਕਰਨ ਦਾ ਚਾ ੪੯
੩੦ ਸੋਹਣਾ ਦੇਸ ਪੰਜਾਬ ੫੦
੩੧ ਜਾਗ ਵਤਨ ਦੇ ਲਾਲ ੫੧
੩੨ ਅੱਖੀਓ ਨੀ ! ੫੨
੩੩ ਆ ਜੋਬਨ ਦੇ ਵਣਜਾਰੇ ੫੩
੩੪ ਗੀਤ ਮੇਰੇ ਰੋਕੇ ਨਹੀਂ ਰਹਿੰਦੇ ੫੪
੩੫ ਇਕ ਵਾਰੀ ਰੁੱਸ ਮਿੱਤਰਾ ੫੫
੩੬ ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ ੫੬

੩੭ ਮੈਂ ਨਹੀਂ ਅੱਜ ਘੁੰਡ ਕਢਦੀ ੫੮
੩੮ ਗੁੱਡੀ ਦਾ ਮੁਕਲਾਵਾ ੬੦
੩੯ ਲਗਦੀ ਜਵਾਨੀ ਭਾਰੀ ੬੨
੪੦ ਇਕ ਤੇਰੀ ਜਿੰਦ ਬਦਲੇ ੬੩
੪੧ ਨੌਕਰ ਜਾਹ ਮੁੰਡਿਆ ੬੪
੪੨ ਝਾਂਜਰ ਨਾ ਛਣਕਾ ੬੫
੪੩ ਮੰਦਰ ਮੱਥਾ ਟੇਕਣ ਗਈ ੬੬
੪੪ ਮੈਂ ਨਹੀਂ ਮੁਕਲਾਵੇ ਜਾਣਾ ੬੭
੪੫ ਕਾਲਾ ਵਰ ਦਿਤਾ ਮਾਪਿਆਂ ੬੯
੪੬ ਨਾ ਕਰ ਕੁੜੀਏ ਸਿਫ਼ਤਾਂ ੭੦
੪੭ ਮੇਲੇ ਮੁਕਸਰ ਦੇ ੭੧
੪੮ ਵੱਸ ਪਵੇ ਗੀਤਾਂ ਦੀ ਦੁਨੀਆਂ ੭੨
੪੯. ਜੇ ਨਾ ਵੇਲੇ ਸਿਰ ਆਇਓਂ ੭੩
੫੦ ਚੰਨ ਪਰਦੇਸੀਆ ੭੫
੫੧ ਸਰ੍ਹੋਂ ਦੀਆਂ ਗੰਦਲਾਂ ੭੭
੫੨ ਅੱਸੂ ਦੇ ਨੁਰਾਤੇ ਆ ਗਏ ੭੯
੫੩ ਮੇਰਾ ਦੀਵਾ ਨਾ ਬੁਝਾ ੮੧
੫੪ ਡਾਢੇ ਦੁੱਖ ਮਿੱਤਰਾਂ ਦੇ ੮੨
੫੫ ਸਵੇਰਾ ਹੋ ਗਿਆ ਸਜਨੀ ! ੮੪
੫੬ ਤੂਤਾਂ ਵਾਲਾ ਖੂਹ ਛਡ ਕੇ ੮੬
੫੭ ਮੇਰਾ ਨੱਚਣ ਉਤੇ ਜੀ ੮੮
੫੮ ਪੰਜਾਬ ਦੀਏ ਮੁਟਿਆਰੇ ਨੀ ! ੮੯
੫੯ ਕਣਕਾਂ ਦੇ ਬੋਹਲ ਉਤੇ ੯੧
੬੦ ਮੁੱਲ ਨਾ ਵਿਕਦਾ ਪਿਆਰ ੯੩
੬੧ ਮਿਰਕਣ ਨਾ ਜਾਹ ਵੇ ੯੪

੬੨ ਮੈਂ ਵੱਸਾਂ ਪਰਦੇਸ ੯੫
੬੩ ਸੋਨੇ ਰੰਗਾ ਤੋਰੀਆ ੯੬
੬੪ ਉੱਡ ਜੌ ਨਿਲੱਜ ਤੋਤਿਓ ੯੮
੬੫ ਬਦਲ ਗਈ ਇਹ ਧਰਤੀ ੧੦੦
੬੬ ਮੈਂ ਉਸਨੂੰ ਪਿਆਰ ਕਰਦਾ ਹਾਂ ੧੦੨



ਗਿਆਨੀ ਸਰੂਪ ਸਿੰਘ ਕੜਿਆਣਾ ★ ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ) ★
ਪੰਥਕ ਢਾਡੀ ਜੱਥਾ
98150-03075

4


ਸਭ ਹੱਕ ਕਰਤਾ ਦੇ ਰਾਖਵੇਂ ਹਨ

(ਨੋਟ : ਇਸ ਵਿਚ 'ਕੇਸਰੀ ਦੁਪੱਟਾ' ਤੇ 'ਜਦੋਂ ਮੈਂ ਗੀਤ ਲਿਖਦਾ ਹਾਂ ਦੋਵੇਂ ਪੁਸ਼ਤਕਾਂ ਸ਼ਾਮਲ ਹਨ।)

ਪ੍ਰਕਾਸ਼ਕ :
**ਸੋਹਣ ਸਿੰਘ 'ਸੀਤਲ'**
ਸੀਤਲ ਪੁਸਤਕ ਭੰਡਾਰ,
ਮਾਡਲ ਗਰਾਮ, ਲੁਧਿਆਣਾ—੨.

ਪਹਿਲੀਵਾਰ, ਨਵੰਬਰ, ੧੯੫੮ ਈ.
ਦੂਸਰੀਵਾਰ, ਨਵੰਬਰ ੧੯੭੭, ਈ.

ਟਰਜ਼, ਡਾ: ਗੁਜਰ ਮੱਲ ਰੋਡ, ਲੁਧਿਆਣਾ ਵਿਚ ਛਪਿਆ।



ਗਿਆਨੀ ਸੋਹਣ ਸਿੰਘ "ਸੀਤਲ"

# ਮੁਖ ਬੰਧ

ਮੈਂ ਬੜੀ ਛੋਟੀ ਉਮਰ ਵਿਚ 'ਕਵਿਤਾ' ਝਰੀਟਣੀ ਸ਼ੁਰੂ ਕਰ ਦਿੱਤੀ ਸੀ। ਮੇਰੀ ਉਮਰ ਸ਼ਾਇਦ ਓਦੋਂ ਬਾਰਾਂ ਤੇਰਾਂ ਸਾਲ ਦੀ ਹੋਵੇਗੀ।

ਸਕੂਲ ਵਿਚ ਪੜ੍ਹਦਿਆਂ ਮੌਲਵੀ ਫ਼ਕੀਰ ਹੁਸੈਨ ਨਾਲ ਮੇਰਾ ਮੇਲ ਮਿਲਾਪ ਹੋ ਗਿਆ। ਉਹ ਬੜੇ ਚੰਗੇ ਦਿਲ ਵਾਲੇ ਸੱਜਣ ਸਨ। ਉਹਨਾਂ ਦੀ ਪ੍ਰੇਰਨਾ ਨਾਲ ਮੈਂ ਉਰਦੂ ਵਿਚ ਲਿਖਣਾ ਸ਼ੁਰੂ ਕਰ ਦਿੱਤਾ। ਨਮੂਨੇ ਵਜੋਂ ਉਰਦੂ ਕੇ ਕੁਛ ਸ਼ਿਅਰ ਹਾਲੀ ਵੀ ਯਾਦ ਹਨ।

ਕਰੂੰ ਤਾਰੀਫ਼ ਕਿਆ ਉਸਕੇ ਹੁਸਨ ਕੀ
ਕਿਆ ਸੂਰਤ ਪਰੀ ਜਲਵਾ ਫ਼ਗਨ ਕੀ
ਨਜ਼ਰ ਟਿਕਤੀ ਨਹੀਂ ਉਸ ਸੁਰਖ਼-ਰੂ ਪਰ
ਕਿ ਐਸੀ ਚਮਕ ਹੈ ਉਸਕੇ ਦਹਨ ਕੀ
ਕਿਆ ਤਾਕਤ ਭਲਾ ਹੈ ਮਿਹਰ ਉ ਮਾਹ ਮੇਂ

ਝਲੇਂ ਇਕ ਝਾਲ ਜੋ ਉਸਕੇ ਹੁਸਨ ਕੀ
ਕਿਆ ਐਸਾ ਹੈ ਰੂਪ ਉਸ ਮਹਿ-ਜਬੀਂ ਕਾ ?
ਕਿ 'ਸੀਤਲ' ਬਾਤ ਹੈ ਦਿਲ ਕੀ ਲਗਨ ਕੀ

* * * *

ਮਰਨੇ ਕੇ ਬਾਅਦ 'ਸੀਤਲ' ਆਪਨੀ ਕਰੇਂਗੇ ਕੋਈ
ਕਰਤੇ ਹੈਂ ਹਮ ਜਹਾ ਮੇਂ ਗੁਜ਼ਰੇ ਹੂਓਂ ਕੀ ਬਾਤੇਂ

* * * *

ਓਦੋਂ ਮੈਂ ਸੱਤਵੀਂ ਵਿਚ ਪੜ੍ਹਦਾ ਸਾਂ। ਤੇ ਸੱਤਵੀਂ ਜਮਾਤ ਦੇ ਵਿਦਿਆਰਥੀ ਵਾਸਤੇ ਏਹੋ ਜੇਹੇ ਮਾੜੇ ਮੋਟੇ ਸ਼ਿਅਰ ਵੀ (ਕੁਛ) ਮਹਾਨਤਾ ਰੱਖਦੇ ਹਨ।

ਮੈਂ ਇਕ ਦੋ ਸਾਲ ਉਰਦੂ ਵਿਚ ਲਿਖਦਾ ਤਾਂ ਰਿਹਾ, ਪਰ ਮਨ ਪਸੀਜਿਆ ਨਾ। ਸੋ ਮੈਂ ਫਿਰ ਪੰਜਾਬੀ ਵਿਚ ਲਿਖਣਾ ਸ਼ੁਰੂ ਕਰ ਦਿਤਾ।

੧੯੨੪ ਈ. ਵਿਚ ਇਕ ਕਵਿਤਾ ਅਕਾਲੀ ਲਹਿਰ ਬਾਰੇ 'ਅਕਾਲੀ' ਅਖ਼ਬਾਰ ਵਿਚ ਛਪੀ, ਪਰ ਉਸਦੀ ਕਾਪੀ ਮੇਰੇ ਕੋਲ ਨਹੀਂ ਰਹੀ।

੧੯੨੯ ਈ. ਵਿਚ ਪਹਿਲੀ ਵਾਰ ਮੇਰੀ ਕਵਿਤਾ ਮਾਸਕ ਪੱਤਰ 'ਕਵੀ' (ਕਲਕੱਤਾ) ਵਿਚ ਛਪੀ। ਸਹੀ ਅਰਥਾਂ ਵਿਚ ਓਦੋਂ ਤੋਂ ਹੀ ਮੇਰੀ ਕਵਿਤਾ ਦਾ ਆਰੰਭ ਸਮਝਣਾ ਚਾਹੀਦਾ ਹੈ। ਉਸ ਤੋਂ ਪਿੱਛੋਂ 'ਫੁਲਵਾੜੀ', 'ਪ੍ਰੀਤਮ' ਆਦਿ ਕਈ ਰਸਾਲਿਆਂ ਵਿਚ ਕਵਿਤਾਵਾਂ ਛਪਦੀਆਂ ਰਹੀਆਂ।

੧੯੩੪ ਤੋਂ ਮੈਂ ਸਿੱਖ ਧਰਮ ਦੇ ਪਰਚਾਰ ਦਾ ਕੰਮ ਸ਼ੁਰੂ ਕਰ ਦਿਤਾ, (ਜੋ ਅਜੇ ਤਕ ਪੂਰੇ ਉਤਸ਼ਾਹ ਨਾਲ ਨਿਭਾ ਰਿਹਾ ਹਾਂ)। ਇਸ ਕੰਮ ਤੋਂ ਮੈਨੂੰ ਬਹੁਤ ਲਾਭ ਪਹੁੰਚਾ, ਤੇ (ਕੁਛ ਮਿੱਤਰਾਂ ਦੇ ਖ਼ਿਆਲ ਅਨਸਾਰ) ਨੁਕਸਾਨ ਵੀ। ਨੁਕਸਾਨ ਇਹ, ਕਿ ਪੰਜਾਬੀ ਵਿਚ ਏਨਾ ਕੁਝ ਲਿਖਣ ਦੇ ਬਾ-ਵਜੂਦ, ਕਿਸੇ ਪੜਚੋਲ ਦੀ ਪੁਸਤਕ ਵਿਚ ਮੇਰਾ ਨਾਮ ਤਕ ਨਹੀਂ। ਪੜਚੋਲੀਏ ਸਮਝਦੇ ਸਨ, ਕਿ ਕੋਈ 'ਢਾਡੀ' ਵੀ ਕਦੇ 'ਸਾਹਿਤਕਾਰ' ਹੋ

ਸਕਦਾ ਹੈ ? ਮੇਰੇ ਗੀਤ, ਕਹਾਣੀਆਂ ਜਾਂ ਨਾਵਲ ਪੜ੍ਹਨ ਤੋਂ ਬਿਨਾਂ ਹੀ ਇਹ ਫ਼ਤਵਾ ਦੇ ਦਿੱਤਾ ਜਾਂਦਾ ਰਿਹਾ।*

ਤੇ ਲਾਭ ? ਢਾਡੀ ਹੋਣ ਕਰਕੇ ਮੈਂ ਦੇਸ ਦੇ ਸਾਰੇ ਵੱਡੇ ਵੱਡੇ ਸ਼ਹਿਰ ਤੇ ਹਜ਼ਾਰਾਂ ਪਿੰਡ ਚੰਗੀ ਤਰ੍ਹਾਂ ਵੇਖੇ। ਲੱਖਾਂ ਆਦਮੀਆਂ ਨਾਲ ਮੇਰਾ ਵਾਹ ਪਿਆ। ਮੈਂ ਬੜਾ ਨੇੜੇ ਹੋ ਕੇ ਉਹਨਾਂ ਦੇ ਦਿਲਾਂ ਦੀਆਂ ਸੁਣੀਆਂ, ਉਹਨਾਂ ਨਾਲ ਖ਼ਿਆਲ ਵਟਾਏ, ਉਹਨਾਂ ਦੀਆਂ ਖ਼ੁਸ਼ੀਆਂ ਤੇ ਗ਼ਮੀਆਂ ਨੂੰ ਅਨੁਭਵ ਕੀਤਾ। ਚੰਗੇ ਅਮੀਰ ਤੇ ਗ਼ਰੀਬ ਤੋਂ ਗ਼ਰੀਬ ਘਰਾਂ ਵਿਚ ਜਾ ਕੇ ਉਹਨਾਂ ਲੋਕਾਂ ਦੀ ਰਹਿਣੀ ਬਹਿਣੀ ਤੱਕੀ। ਰੇਸ਼ਮੀ ਪੁਸ਼ਾਕਾਂ ਥੱਲੇ ਢੱਕੇ ਹੋਏ 'ਕੂਹੜ' ਤੇ ਫਟੀਆਂ ਹੋਈਆਂ ਲੀਰਾਂ ਵਿਚ ਰੁਲਦੀਆਂ ਚੰਗੀਅਰ੍ਹਾਂ 'ਹਾਂ' ਵੇਖੀਆਂ। ਜ਼ਿੰਦਗੀ ਦਾ ਏਹਾ ਭਰਪੂਰ ਤਜਰਬਾ ਲਿਖਣ ਵਿਚ ਮੇਰੀ ਸਹਾਇਤਾ ਕਰਦਾ ਹੈ।

ਢਾਡੀ ਬਣ ਕੇ ਮੈਂ ਵਧੇਰੇ ਵਾਰਾਂ ਲਿਖਣ ਵਿਚ ਰੁੱਝ ਗਿਆ। ਹੁਣ ਤਕ ਸਿੱਖ ਇਤਿਹਾਸ ਬਾਰੇ ਮੈਂ ਸੱਤਰ-ਅੱਸੀ ਵਾਰਾਂ ਲਿਖੀਆਂ ਹਨ।

ਧਾਰਮਕ ਵਾਰਾਂ ਲਿਖਣ ਦੇ ਨਾਲ ਨਾਲ, ਕਦੇ ਕਦਾਈਂ ਮੈਂ ਕੋਈ ਖੁੱਲ੍ਹੀ ਕਵਿਤਾ ਜਾਂ ਗੀਤ ਵੀ ਲਿਖਦਾ ਰਿਹਾ। ਕੁਛ ਚਿਰ ਮੈਂ ਗੀਤ ਲਿਖਣੇ ਉੱਕੇ ਛੱਡ ਦਿੱਤੇ। ਸੰਨ ਬਤਾਲੀ ਤੇ ਪੰਜਾਹ ਦੇ ਵਿਚਕਾਰ ਮੈਂ ਕੋਈ ਗੀਤ ਨਹੀਂ ਲਿਖਿਆ। ਮੇਰੇ ਸਰੋਤੇ ਤੇ ਪਾਠਕ ਭੁੱਲ ਹੀ ਗਏ, ਕਿ ਮੈਂ ਵੀ ਕਦੇ ਕੋਈ ਗੀਤ ਲਿਖਿਆ ਹੋਵੇਗਾ, ਜਾਂ ਲਿਖ ਸਕਦਾ ਹਾਂ।

ਸ. ਕਰਤਾਰ ਸਿੰਘ 'ਬਲੱਗਣ' ਮੇਰੇ ਮਿੱਤਰ ਸਨ। ਉਹਨਾਂ ਮਾਸਕ ਪੱਤਰ 'ਕਵਿਤਾ' ਜਾਰੀ ਕੀਤਾ। ਉਸ ਵਿਚ ਬੜੇ ਸੁੰਦਰ ਨਵੇਂ ਨਵੇਂ ਗੀਤ ਛਪਦੇ। 'ਬਲੱਗਣ' ਜੀ ਦੀ ਪ੍ਰੇਰਨਾ ਨਾਲ ਮੈਂ ਫੇਰ ਗੀਤ ਲਿਖਣ ਲੱਗ ਪਿਆ।

---

*(੧੯੭੪ ਵਿਚ ਭਾਰਤ ਸਰਕਾਰ ਦੀ ਸਰਵਉਤਮ ਸੰਸਥਾ 'ਸਾਹਿਤ ਅਕਾਡਮੀ' ਨੇ ਮੇਰੇ ਨਾਵਲ 'ਜੁੱਗ ਬਦਲ ਗਿਆ' ਨੂੰ ਐਵਾਰਡ ਦੇ ਕੇ ਇਹ ਭਰਮ ਦੂਰ ਕਰ ਦਿਤਾ।)

ਪਿਛਲੇ ਕੁਛ ਸਾਲਾਂ ਵਿਚ ਸਾਹਿਤਕ ਗੀਤ ਤਰੱਕੀ ਕਰਦਾ ਕਿਤੇ ਦਾ ਕਿਤੇ ਪਹੁੰਚ ਗਿਆ। ਉਹਦੇ ਮੂੰਹ-ਮੁਹਾਂਦਰੇ ਵਿਚ ਅੱਗੇ ਨਾਲੋਂ ਵਧੇਰੇ ਭੋਲਾ-ਪਨ ਤੇ ਪੁਸ਼ਾਕ ਵਿਚ ਸਾਦਗੀ ਆ ਗਈ। ਹਾਂ, ਨਕਸ਼ ਅੱਗੇ ਨਾਲੋਂ ਜ਼ਰੂਰ ਤਿੱਖੇ ਹੋ ਗਏ। 'ਗੁਝੀ ਰਹੇ ਨਾ ਹੀਰ ਹਜ਼ਾਰ ਵਿਚੋਂ'। ਆਖ਼ਰ ਜਵਾਨੀ ਆਈ, ਸਮੂਲਚੋਂ ਕਿਵੇਂ ਲੁਕ ਸਕਦੀ ਹੈ ?

'ਲਿਖਣ ਤੋਂ ਪਹਿਲਾਂ ਗੀਤ ਦੀ ਤਕਨੀਕ ਬਾਰੇ ਜ਼ਰੂਰ ਸਮਝਣਾ ਚਾਹੀਦਾ ਹੈ।' ਮੇਰੇ ਮਨ ਵਿਚ ਆਈ। ਪਰ ਤਕਨੀਕ ਬਾਰੇ ਸਮਝਾਂ ਕਿੱਥੋਂ ? ਕੋਈ ਵੀ ਪਰਮਾਣੀਕ ਪੁਸਤਕ ਨਹੀਂ ਮਿਲਦੀ, ਜਿਸ ਵਿਚ 'ਗੀਤ' ਦੇ ਹੁਨਰ ਬਾਰੇ ਵਿਸਥਾਰ ਨਾਲ ਲਿਖਿਆ ਹੋਵੇ। ਅੰਤ ਮੈਨੂੰ ਲੋਕ ਗੀਤਾਂ ਦਾ ਆਸਰਾ ਲੈਣਾ ਪਿਆ। ਮੈਂ ਉਹਨਾਂ ਨੂੰ ਬੜੇ ਧਿਆਨ ਨਾਲ ਪੜ੍ਹਿਆ ਤੇ ਵਿਚਾਰਿਆ। ਖ਼ਾਸ ਕਰ ਛੋਟੇ ਛੋਟੇ ਉਹ ਗੀਤ, ਜਿਨ੍ਹਾਂ ਵਿਚ ਜੀਵਨ ਦੇ ਕਿਸੇ ਨਿੱਕੇ ਜੇਹੇ ਹਿੱਸੇ, ਕਿਸੇ ਨਿਖਰਵੇਂ ਪੱਖ, ਜਾਂ ਕਿਸੇ ਕੋਮਲ ਜੇਹੇ ਜਜ਼ਬੇ ਦੀ ਵਿਆਖਿਆ ਹੁੰਦੀ ਹੈ, ਬਹੁਤ ਹੀ ਸੁੰਦਰ ਹਨ। ਅਸਲੀ ਮਸਾਲਾ ਏਹਾ ਹੈ, ਜਿਸ ਤੋਂ ਗੀਤ ਦੀ ਕੋਈ ਤਕਨੀਕ ਮਿਥੀ ਜਾ ਸਕਦੀ ਹੈ। ਮੇਰਾ ਵਿਸ਼ਵਾਸ ਹੈ, "ਹਰ ਛੋਟੀ ਤੇ ਗਾਈ ਜਾਣ ਵਾਲੀ ਕਵਿਤਾ 'ਗੀਤ' ਨਹੀਂ। ਗੀਤ ਦਾ ਮੂੰਹ-ਮੁਹਾਂਦਰਾ ਤੇ ਰੰਗ-ਰੂਪ, ਸਭ ਕੁਛ ਆਪਣਾ ਹੈ। ਕਿਸੇ ਨਾਲ ਵੀ ਇਹਦੀ ਨੁਹਾਰ ਨਹੀਂ ਮਿਲਦੀ। ਬੱਚੇ ਵਰਗਾ ਭੋਲਾਪਨ, ਪੇਂਡੂਆਂ ਜੇਹੀ ਸਾਦਗੀ, ਤੇ ਕੁਆਰੀਆਂ ਵਰਗੀ ਲੱਜਿਆ, ਗੀਤ ਦਾ ਸ਼ਿੰਗਾਰ ਹੈ। ਗੀਤ ਦੀ ਬੋਲੀ, ਸ਼ਬਦ ਬਣਤਰ ਤੇ ਖ਼ਿਆਲਾਂ ਦੀ ਉਡਾਰੀ ਏਹੋ ਜੇਹੇ ਹੋਣੇ ਚਾਹੀਦੇ ਹਨ, ਜਿਸ ਨਾਲ ਵਿਚਲੇ 'ਪਾਤਰ' ਦੀ ਰੂਪ-ਰੇਖਾ ਚੰਗੀ ਤਰ੍ਹਾਂ ਉਘੜ ਪਵੇ। ਇਹ ਜੀਵਨ ਦੇ ਛੋਟੇ ਜੇਹੇ ਹਿੱਸੇ ਦੀ ਇਕ-ਪੱਖੀ ਤਸਵੀਰ ਹੈ, ਬਹੁ-ਮੁਖੀ ਨਹੀਂ।"

ਮਾਸਕ ਪੱਤਰ 'ਕਵਿਤਾ' [ਤੇ ਕੁਛ ਹੋਰ ਸਮਕਾਲੀ ਪੱਤਰਾਂ] ਵਿਚ ਮੇਰੇ ਗੀਤ ਛਪੇ, ਤਾਂ ਮੇਰੀ 'ਜਾਣੂ ਦੁਨੀਆਂ' ਵਿਚ ਕੁਛ ਹਲਚਲ ਸ਼ੁਰੂ ਹੋ ਗਈ। ਮੇਰੇ ਧਾਰਮਿਕ ਸ਼ਰਧਾਲੂਆਂ ਵਿਚੋਂ ਬਹੁਤੇ ਤਾਂ ਮੰਨਣ ਹੀ ਨਾ, ਕਿ

ਇਹ ਗੀਤ ਲਿਖਣ ਵਾਲਾ 'ਮੈਂ' ਹੀ ਹਾਂ।

ਮੇਰਾ ਇਕ ਗੀਤ ਛਪਿਆ, 'ਭਾਬੀ ! ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸਪਣੀ ਤੋਂ ਆਵੇ।' ਇਸ ਬਾਰੇ ਮੈਨੂੰ ਕੋਈ ਚਿੱਠੀਆਂ ਆਈਆਂ, ਜਿੰਨ੍ਹਾਂ ਵਿਚ ਬਹੁਤੀ ਨਾਰਾਜ਼ਗੀ, ਉਸ ਤੋਂ ਥੋੜੀ ਹੈਰਾਨੀ ਤੇ ਕੁਛ ਕੁਛ ਸਲਾਹੁਤ ਵੀ ਸੀ। ਜੂਨ, ੧੯੫੬ ਵਿਚ 'ਕੇਸਰੀ ਦੁਪੱਟਾ' ਨਾਂ ਥੱਲੇ ਮੇਰੇ ਗੀਤਾਂ ਦਾ ਸੰਗ੍ਰਹਿ ਛਪਿਆ। ਫਿਰ ਕੀ ਸੀ ? ਮੇਰੇ ਨੁਕਤਾਚੀਨਾਂ ਨੇ ਜ਼ਬਾਨੀ ਗਿਲ੍ਹਿਆਂ ਨਿਹੋਰਿਆਂ ਦੇ ਨਾਲ ਨਾਲ ਲਿਖਤੀ ਉਲਾਹਮੇ ਵੀ ਭੇਜੇ। ਹਾਂ, ਸਾਹਿਤ ਨੂੰ ਸਮਝਣ ਵਾਲੇ, ਕੁਛ ਸੱਜਣਾਂ ਨੇ ਰੱਜਵੀਂ ਉਪਮਾ ਕਰਕੇ ਮੇਰਾ ਹੌਸਲਾ ਵੀ ਵਧਾਇਆ। ਸ. ਵਧਾਤਾ ਸਿੰਘ 'ਤੀਰ' ਨੇ ਲਿਖਿਆ, "ਸੀਤਲ, ਵਾਰ ਲੇਖਕ ਨਾਲੋਂ, ਗੀਤਕਾਰ ਵਧੇਰੇ ਹੈ।"

ਖ਼ੈਰ, 'ਕੇਸਰੀ ਦੁਪੱਟਾ' ਛਪ ਗਿਆ, ਜੋ ਮੇਰੇ ਪਾਠਕਾਂ ਨੇ ਬਹੁਤ ਪਸੰਦ ਕੀਤਾ। ਉਹਦੇ ਕੁਛ ਗੀਤ ਬਹੁਤ ਹੀ ਪਰਚਲਤ ਹੋਏ। ਹਰ ਕਲ-ਚਰਲ ਪ੍ਰੋਗਰਾਮ ਵਿਚ ਮੇਰਾ ਕੋਈ ਨਾ ਕੋਈ ਗੀਤ ਗਾਇਆ ਜਾਣ ਲਗਾ। ਇਸਦੇ ਨਾਲ ਨਾਲ ਮੇਰੇ ਉਤੇ ਸਵਾਲਾਂ ਦੀ ਭਰਮਾਰ ਵੀ ਵਧ ਗਈ। ਐਵੇਂ ਸ਼ਬਦਾਂ ਦੇ ਹੇਰ ਫੇਰ ਨਾਲ, ਵਧੇਰੇ ਦੋ ਹੀ ਸਵਾਲ ਪੁੱਛੇ ਹੁੰਦੇ ਸਨ। ਪਹਿਲਾ: 'ਸੀਤਲ ਐਹੋ ਜੇਹੇ ਗੀਤ ਕਿਉਂ ਲਿਖਦਾ ਹੈ ?' ਦੂਜਾ: 'ਸੀਤਲ ਇਸ ਉਮਰੇ ਏਹੋ ਜੇਹੇ ਗੀਤ ਕਿਵੇਂ ਲਿਖਦਾ ਹੈ' ?

ਪਹਿਲੇ ਸਵਾਲ ਦਾ ਮੇਰੇ ਕੋਲ ਕੋਈ ਉੱਤਰ ਨਹੀਂ। ਤੇ ਦੂੱਜੇ ਸਵਾਲ ਦੇ ਉੱਤਰ ਵਿਚ :–

ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ
ਜੋ ਸੁੱਤੀਆਂ ਥੱਕ ਕੇ ਰੀਝਾਂ, ਉਨ੍ਹਾਂ ਨੂੰ ਫਿਰ ਜਗਾ ਲੈਂਦਾਂ

ਮੇਰਾ ਨਿਸਚਾ ਹੈ, ਕਿ ਇਨਸਾਨੀ ਰੀਝਾਂ ਕਦੇ ਮਰਦੀਆਂ ਨਹੀਂ। ਹਾਂ, ਸਮੇਂ ਨਾਲ ਥੱਕ ਹੰਭ ਕੇ ਕੁਛ ਚਿਰ ਸੌਂ ਭਾਵੇਂ ਜਾਣ।

ਤੇ ਬੁਢਾਪਾ ? ਇਨਸਾਨ ਓਦੋਂ ਬੁਢਾ ਹੁੰਦਾ ਹੈ, ਜਦੋਂ ਉਹਦੇ

ਖ਼ਿਆਲਾਂ ਵਿਚ ਬੁਢਾਪਾ ਆ ਜਾਏ। ਨਿਰਾਸ਼ਾਵਾਦੀ ਤੀਹ ਸਾਲ ਦੀ ਉਮਰ ਵਿਚ ਵੀ ਬੁੱਢਾ ਹੋ ਸਕਦਾ ਹੈ, ਤੇ ਜ਼ਿੰਦਾ ਦਿਲ ਆਸ਼ਾਵਾਦੀ ਸੱਠ ਸਾਲ ਦਾ ਵੀ ਬੁੱਢਾ ਨਹੀਂ ਕਿਹਾ ਜਾ ਸਕਦਾ। ਕਿਉਂਕਿ ਉਹਦੀ ਤਾਂ

ਪਛੜਦੀ ਉਮਰ ਹੈ ਜਿਉਂ ਜਿਉਂ
ਤਰੱਕੀ ਹੈ ਖ਼ਿਆਲਾਂ ਦੀ।

ਉਮਰ ਦੇ ਪੰਜਾਹਵੇਂ ਸਾਲ ਵਿਚ ਮੈਂ ਇਹ ਸੰਗ੍ਰਹਿ ਪੇਸ਼ ਕਰ ਰਿਹਾ ਹਾਂ। ਹੁਣ ਮੇਰੇ ਪਾਠਕ ਜਾਨਣ, ਕਿ ਮੈਂ ਬੁੱਢਾ ਹਾਂ, ਜਾਂ ਜਵਾਨ।

ਲੁਧਿਆਣਾ ]
੧-੧੧-੫੮ ]

ਸੋਹਣ ਸਿੰਘ
'ਸੀਤਲ'

# ਜਦੋਂ ਮੈਂ ਗੀਤ ਲਿਖਦਾ ਹਾਂ

ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ।
ਜੋ ਸੁੱਤੀਆਂ ਥੱਕ ਕੇ ਰੀਝਾਂ, ਉਨ੍ਹਾਂ ਨੂੰ ਫਿਰ ਜਗਾ ਲੈਂਦਾਂ
ਮਿਰੀ ਸਾਥਣ, ਮਿਰੀ ਹਾਨਣ, ਜਦੋਂ ਡੋਲੇ 'ਚ ਆਈ ਸੀ
ਸੀ ਬਾਂਹੀਂ ਛਣਕਦਾ ਚੂੜਾ, ਹੱਥੀਂ ਮਹਿੰਦੀ ਲਗਾਈ ਸੀ
ਮੈਂ ਉਸੇ ਯਾਦ ਦਾ ਪੱਲਾ ਉਠਾ, ਇਕ ਝਾਤ ਪਾ ਲੈਂਦਾ
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ
ਮੈਂ ਚੰਦ ਚੰਦਾਂ 'ਚ ਘਿਰਿਆ ਵੇਖਿਆ ਸੀ ਫਿਰ ਭੁਲਾਇਆ ਨਹੀਂ
ਲੰਘਾਈਆਂ ਸੈਂਕੜੇ ਪੁੰਨਿਆਂ, ਨਜ਼ਰ ਵਿਚ ਇਕ ਟਿਕਾਇਆ ਨਹੀਂ
ਜਦੋਂ ਚਾਹਵਾਂ ਮੈਂ, ਚੇਤਾ ਲੌਂਗ ਦਾ ਕਰ, ਦਿਨ ਚੜ੍ਹਾ ਲੈਂਦਾ
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ
ਉਹੋ ਗੌਨੇ ਦੀ ਛੁਹ ਪਹਿਲੀ, ਅਤੇ ਦੀਦਾਰ ਉਹ ਪਹਿਲਾ
ਪੁਰਾਣਾ ਹੋਣ ਨਹੀਂ ਦਿੱਤਾ, ਮੈਂ ਸੱਜਰਾ ਪਿਆਰ ਉਹ ਪਹਿਲਾ
ਮੈਂ ਉਸ ਸ਼ਰਮਾ ਰਹੀ 'ਹਾਂ ਜੀ' ਨੂੰ ਸ਼ਬਦਾਂ ਵਿਚ ਵਟਾ ਲੈਂਦਾਂ
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ
ਕਿਤੇ ਚਾਂਦੀ ਦੇ ਬੋਰਾਂ ਦਾ, ਜਾਂ ਮਿੱਠਾ ਸਾਜ਼ ਸੁਣਦਾ ਹਾਂ
ਮੈਂ ਪਹਿਲੀ ਧੜਕਦੇ ਦਿਲ ਦੀ, ਉਹੀ ਆਵਾਜ਼ ਸੁਣਦਾ ਹਾਂ
ਸੁਣੇ ਜੋ ਫਰਕਦੇ ਬੁੱਲ੍ਹੀਂ, ਉਹੋ ਟੱਪੇ ਦੁਹਰਾ ਲੈਂਦਾਂ
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ
ਪਛੜਦੀ ਉਮਰ ਹੈ ਜਿਉਂ ਜਿਉਂ, ਤਰੱਕੀ ਹੈ ਖਿਆਲਾਂ ਦੀ
ਭੁਲੇਖਾ ਖਾਣ ਪਏ ਮਿੱਤਰ, ਸਫ਼ੈਦੀ ਵੇਖ ਵਾਲਾਂ ਦੀ
ਮੈਂ ਸ਼ਾਇਰ ਹਾਂ, ਤੇ ਚਾਹਵਾਂ ਜੇਹੋ ਜਹੀ, ਦੁਨੀਆਂ ਬਣਾ ਲੈਂਦਾਂ
ਜਦੋਂ ਮੈਂ ਗੀਤ ਲਿਖਦਾ ਹਾਂ, ਜਵਾਨੀ ਨੂੰ ਬੁਲਾ ਲੈਂਦਾਂ।

੩੦-੫-੫੭

# ਕੇਸਰੀ ਦੁਪੱਟਾ

ਕੇਸਰੀ ਦੁਪੱਟਾ ਲਿਆ ਜਾਣਕੇ ਮੈਂ ਰੰਗ ਨੀ!
ਬੁੱਝ ਲਵੇ ਮਾਂ ਭਲਾ ਦਿਲ ਦੀ ਉਮੰਗ ਨੀ!
ਭਾਬੀ ਕੋਲ ਸੁੱਤੀ ਰਾਤੀਂ ਘਰ ਨਹੀਂ ਸੀ ਵੀਰ ਨੀ!
ਹਾਸੇ ਭਾਣੇ ਕਢ ਦਿਤੀ ਉਹਨੇ ਮੇਰੀ ਚੀਰਨੀ!
ਕਢਿਆ ਜਾਂ ਘੁੰਡ, ਤਾਂ ਮੈਂ ਗਈ ਡਾਢੀ ਸੰਗ ਨੀ!
ਕੇਸਰੀ ਦੁਪੱਟਾ ਲਿਆ ਜਾਣਕੇ ਮੈਂ ਰੰਗ ਨੀ!
ਪਾਈਆਂ ਜਾਂ ਪੰਜੇਬਾਂ ਪੈਰੀਂ ਹੋਰ ਹੋ ਗਈ ਤੋਰ ਨੀ!
ਜਾਪੇ ਮੈਨੂੰ ਜਿਵੇਂ ਉਹਦੇ ਬਾਗ਼ ਦੀ ਮੈਂ ਮੋਰਨੀ!
ਉੱਡ ਪੁੱਡ ਜਾਵਾਂ ਰਲਾਂ ਬੱਦਲਾਂ ਦੇ ਸੰਗ ਨੀ!
ਕੇਸਰੀ ਦੁਪੱਟਾ ਲਿਆ ਜਾਣਕੇ ਮੈਂ ਰੰਗ ਨੀ!
ਬਾਪੂ ਕੋਲੋਂ ਚੋਰੀ ਅਸੀਂ ਲੁਕ ਲੁਕ ਹੱਸੀਆਂ!
ਮੱਲੋ ਮੱਲੀ ਗਈਆਂ ਬਾਂਹੀਂ ਆਪੋ ਵਿਚ ਕੱਸੀਆਂ।
ਮਿੱਠੀ ਮਿੱਠੀ ਪੀੜ, ਮੇਰਾ ਦੁਖੇ ਅੰਗ ਅੰਗ ਨੀ!
ਕੇਸਰੀ ਦੁਪੱਟਾ ਲਿਆ ਜਾਣ ਕੇ ਮੈਂ ਰੰਗ ਨੀ!
ਕੀਤੀਆਂ ਜੋ ਗੱਲਾਂ ਅਸਾਂ, ਦੱਸੀਆਂ ਨਾ ਜਾਣ ਨੀ!
ਲਭਦੀਆਂ ਰਹੀਆਂ ਇਕ ਦੂਜੀ ਵਿਚੋਂ ਹਾਣ ਨੀ!
ਸਾਡਾ ਕੀ ਕਸੂਰ, ਇਹ ਜਵਾਨੀ ਦੀ ਸੀ ਮੰਗ ਨੀ!
ਕੇਸਰੀ ਦੁਪੱਟਾ ਲਿਆ ਜਾਣ ਕੇ ਮੈਂ ਰੰਗ ਨੀ!
ਸੁੱਤੀਆਂ ਜਾਂ ਰਾਤੀਂ ਪੜ੍ਹ 'ਸੀਤਲ' ਦੇ ਗੀਤ ਨੀ!
ਅੰਗ ਅੰਗ ਵਿਚੋਂ ਸੁੱਤੀ ਜਾਗ ਪਈ ਪਰੀਤ ਨੀ!
ਮਿਲ ਗਿਆ ਉਹ ਵੀ ਆ ਕੇ ਸੁਪਨੇ ਦੇ ਢੰਗ ਨੀ!
ਕੇਸਰੀ ਦੁਪੱਟਾ ਲਿਆ ਜਾਣ ਕੇ ਮੈਂ ਰੰਗ ਨੀ!

੨੧-੫-੫੫

# ਭਾਬੀ ! ਮੇਰੀ ਗੁੱਤ ਨਾ ਕਰੀਂ

ਭਾਬੀ ! ਮੇਰੀ ਗੁੱਤ ਨਾ ਕਰੀਂ,
ਮੈਨੂੰ ਡਰ ਸਪਣੀ ਤੋਂ ਆਵੇ

ਵੇਖ ਤੇਰੇ ਫੁੱਲ ਚਿੜੀਆਂ
ਮੇਰਾ ਮਨ ਉਡਣੋ ਨਹੀਂ ਰਹਿੰਦਾ
ਭੁੱਲ ਕੇ ਜੇ ਸ਼ੀਸ਼ਾ ਵੇਖ ਲਾਂ
ਕਿਸੇ ਹੋਰ ਦਾ ਭੁਲੇਖਾ ਪੈਂਦਾ
ਤੇਰੇ ਮੱਥੇ ਬਿੰਦੀ ਵੇਖ ਕੇ, ਮੇਰਾ ਅੰਦਰੋਂ ਜੀਆ ਲਲਚਾਵੇ
ਭਾਬੀ ! ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸਪਣੀ ਤੋਂ ਆਵੇ

ਤੂੰ ਤਾਂ ਨਿੱਤ ਸੱਕ ਮਲਦੀ
ਨਾਲੇ ਸੁਰਮੇ ਦੀ ਖਿੱਚਦੀ ਏਂ ਧਾਰੀ
ਮੈਂ ਵੀ ਉਂਞ ਤੇਰੇ ਹਾਣ ਦੀ
ਪਰ ਅੱਖੀਆਂ 'ਚ ਸ਼ਰਮ ਕੁਆਰੀ
ਧੀਆਂ ਮੁਟਿਆਰ ਹੋ ਗਈਆਂ, ਭੋਲੇ ਬਾਬਲ ਨੂੰ ਕੌਣ ਸਮਝਾਵੇ ?
ਭਾਬੀ ! ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸਪਣੀ ਤੋਂ ਆਵੇ

ਇਕ ਤੈਨੂੰ ਗੱਲ ਦੱਸਦੀ,
ਪਰ ਮੇਰੀ ਸਹੁੰ ਈਂ,ਵੀਰ ਨੂੰ ਨਾ ਦੱਸੀਂ
ਕੱਲ੍ਹੀ ਭਾਵੇਂ ਲੱਖ ਛੇੜ ਲਈਂ,
ਪਰ ਮਾਂ ਕੋਲ ਬੈਠਿਆਂ ਨਾ ਹੱਸੀਂ
(ਕੀ ?)
ਰਾਤੀਂ ਮੇਰੀ ਵੰਗ ਟੁੱਟ ਗਈ, ਨੀ, ਮੈਂ ਸੁਪਨੇ 'ਚ ਗਈ ਮੁਕਲਾਵੇ
ਭਾਬੀ ! ਮੇਰੀ ਗੁੱਤ ਨਾ ਕਰੀਂ, ਮੈਨੂੰ ਡਰ ਸਪਣੀ ਤੋਂ ਆਵੇ

੨੭-੧-੫੪

# ਟੱਪ ਨੀ ਜਵਾਨੀਏ !

ਟੱਪ ਨੀ ਜਵਾਨੀਏਂ ! ਟੱਪ ਟੱਪ ਟੱਪ
ਹੱਦ ਨਾ ਛੜੱਪ, ਭਾਵੇਂ ਲੱਖ ਵਾਰ ਟੱਪ

ਟੱਪਦੀ ਜਵਾਨੀ ਵੇਖ, ਟੱਪਦਾ ਜਹਾਨ ਨੀ
ਤੈਨੂੰ ਵੇਖ ਟੱਪਦੀ, ਮਮੋਲੇ ਸ਼ਰਮਾਨ ਨੀ

ਟੱਪੇ ਤੇਰੀ ਗੁੱਤ, ਜਿਵੇਂ ਚੰਦਨ 'ਤੇ ਸੱਪ
ਟੱਪ ਨੀ ਜਵਾਨੀਏਂ ! ਟੱਪ ਟੱਪ ਟੱਪ

ਟੱਪਣ ਦੇ ਦਿਨ ਤੇਰੇ, ਟੱਪਣੋਂ ਨਾ ਸੰਗ ਨੀ
ਰਹੇ ਨਾ ਅਧੂਰੀ ਕੋਈ ਦਿਲ 'ਚ ਉਮੰਗ ਨੀ

ਰੱਸੇ ਉਤੇ ਟੱਪ, ਭਾਵੇਂ ਨਾਗਾਂ ਉਤੇ ਟੱਪ
ਟੱਪ ਨੀ ਜਵਾਨੀਏਂ ! ਟੱਪ ਟੱਪ ਟੱਪ

ਬਾਲਪਨ ਬੀਤ ਗਿਆ ਆਉਣ ਵਾਲੇ ਲਾਰੇ 'ਤੇ
ਕੱਟਣਾ ਬੁਢਾਪਾ ਪੈਣਾ ਕਿਸੇ ਦੇ ਸਹਾਰੇ 'ਤੇ

ਆਪਣੀ ਜਵਾਨੀ, ਜੀਹਦਾ ਆਪਣਾ ਸੁਰੂਪ
ਟੱਪ ਨੀ ਜਵਾਨੀਏਂ ! ਟੱਪ ਟੱਪ ਟੱਪ

ਹੱਦ ਨਾ ਛੜੱਪ, ਭਾਵੇਂ ਲੱਖ ਵਾਰ ਟੱਪ
ਟੱਪ ਨੀ ਜਵਾਨੀਏਂ ! ਟੱਪ ਟੱਪ ਟੱਪ

੭-੪-੫੧

# ਚੁੰਨੀ ਅਸਮਾਨੀ ਰੰਗ ਦੀ

ਚੁੰਨੀ ਅਸਮਾਨੀ ਰੰਗ ਦੀ, ਭਾਬੀ ! ਮੜ੍ਹਦੇ ਸਤਾਰਿਆਂ ਨਾਲ
ਵੇਖੂ ਜਦੋਂ ਘੁੰਡ ਚੁੱਕ ਕੇ ਕਿਵੇਂ ਚੰਦ ਦੀ ਝੱਲੇਗਾ ਝਾਲ
ਸਿੱਧੀ ਸਿੱਧੀ ਕਢ ਚੀਰਨੀ
ਮੇਰੀ ਮਾਂਗ ਵਿਚ ਭਰ ਦੇ ਸੰਧੂਰ
ਤਾਰਿਆਂ ਦੀ ਲੋਅ ਵਿਚ ਨੀ !
ਉਹਨੂੰ ਦਿਸ ਪਾਂ ਖਲੋਤੀ ਦੂਰ
ਫੇਰ ਵੀ ਨਾ ਰਾਹ ਭੁੱਲ ਜੈ
ਰੱਖਾਂ ਘੁੰਡ 'ਚ ਮਸਾਲਾਂ ਬਾਲ
ਚੁੰਨੀ ਅਸਮਾਨੀ ਰੰਗ ਦੀ, ਭਾਬੀ ! ਮੜ੍ਹਦੇ ਸਤਾਰਿਆਂ ਨਾਲ
ਕੱਜਲੇ ਦੀ ਧਾਰ ਖਿਚ ਕੇ
ਪਾ ਦੇ ਊਦਾ ਇਕ ਠੋਡੀ 'ਤੇ ਨਸ਼ਾਨ
'ਜੀ ਆਇਆਂ' ਆਖਦੀ ਰਹੇ
ਮੇਰੇ ਬੁੱਲ੍ਹਾਂ ਉਤੇ ਨਿੰਮ੍ਹੀ ਮੁਸਕਾਨ
ਮੋਤੀਏ ਦਾ ਹਾਰ ਬਣ ਜੂ
ਮੇਰੇ ਚਿਟਿਆਂ ਦੰਦਾਂ ਦੀ ਪਾਲ
ਚੁੰਨੀ ਅਸਮਾਨੀ ਰੰਗ ਦੀ, ਭਾਬੀ ! ਮੜ੍ਹਦੇ ਸਤਾਰਿਆਂ ਨਾਲ
ਮਹਿੰਦੀ-ਰੰਗੇ ਹੱਥ ਦੀ, ਕੁੜੇ !
ਜਦ ਆਰਸੀ 'ਚ ਪਈ ਲਿਸ਼ਕੋਰ
ਬੱਦਲਾਂ ਨੂੰ ਅੱਗ ਲੱਗ ਜੂ
ਪੈਲਾਂ ਪਾਉਂਦੇ ਰੁਕਣਗੇ ਮੋਰ
ਰਾਹੀ ਦਿਨੇ ਭੁੱਲ ਜਾਣਗੇ
ਜਦੋਂ ਨ੍ਹਾ ਕੇ ਖਲਾਰੇ ਨੀ, ਮੈਂ ਵਾਲ
ਚੁੰਨੀ ਅਸਮਾਨੀ ਰੰਗ ਦੀ, ਭਾਬੀ ! ਮੜ੍ਹਦੇ ਸਤਾਰਿਆਂ ਨਾਲ

੧੮-੧੦-੫੩

# ਉਡਣੀ ਜਵਾਨੀ

ਆਈ ਉੱਡਣੀ ਜਵਾਨੀ ਚੰਨ ਕਹਿਰ ਦੀ
ਮੇਰੇ ਸਿਰ ਉਤੇ ਚੁੰਨੀ ਨਹੀਂਉਂ ਠਹਿਰਦੀ

ਜਾਣੂ ਰੂਪ ਦੀਆਂ ਹੋ ਗਈਆਂ ਨੇ ਅੱਖੀਆਂ
ਹੁਣ ਘੁੰਡ ਵਿਚ ਰਹਿੰਦੀਆਂ ਨਾ ਰੱਖੀਆਂ

ਸ਼ੀਸ਼ੇ ਵਿਚੋਂ ਪਈ ਜਵਾਨੀ ਮੈਨੂੰ ਗਹਿਰਦੀ
ਮੇਰੇ ਸਿਰ ਉਤੇ ਚੁੰਨੀ ਨਹੀਓਂ ਠਹਿਰਦੀ

ਕੱਲ੍ਹੀ ਜਿੰਦੜੀ ਤੇ ਔਕੜਾਂ ਹਜ਼ਾਰ ਵੇ
ਜਾਵੇ ਚੁਕਿਆ ਨਾ ਜੋਬਨਾਂ ਦਾ ਭਾਰ ਵੇ

ਭਖੇ ਰੂਪ, ਹੋਵੇ ਧੁੱਪ ਜਿਉਂ ਦੁਪਹਿਰ ਦੀ
ਮੇਰੇ ਸਿਰ ਉਤੇ ਚੁੰਨੀ ਨਹੀਓਂ ਠਹਿਰਦੀ

ਜਦੋਂ ਕੰਨਾਂ ਵਿਚ ਕੁਛ ਸਮਝਾਂਦੀ ਏ
ਮੈਨੂੰ ਆਪਣੀ ਹੀ ਗੁੱਤ ਪਈ ਡਰਾਂਦੀ ਏ

ਲਵੇ ਸਪਣੀ ਹੁਲਾਰੇ ਭਰੀ ਜ਼ਹਿਰ ਦੀ
ਮੇਰੇ ਸਿਰ ਉਤੇ ਚੁੰਨੀ ਨਹੀਓਂ ਠਹਿਰਦੀ

ਚੁੱਕੇ ਕੌਣ ਭਲਾ ਬਾਗ਼ ਫੁਲਕਾਰੀਆਂ
ਹੁਣ ਸਾੜ੍ਹੀਆਂ ਵੀ ਜਾਣ ਨਾ ਸਹਾਰੀਆਂ

ਮੈਨੂੰ ਲੱਗ ਗਈ ਹਵਾ ਦਿੱਲੀ ਸ਼ਹਿਰ ਦੀ
ਮੇਰੇ ਸਿਰ ਉਤੇ ਚੁੰਨੀ ਨਹੀਓਂ ਠਹਿਰਦੀ

ਆਈ ਉੱਡਣੀ ਜਵਾਨੀ ਚੰਨ ਕਹਿਰ ਦੀ
ਮੇਰੇ ਸਿਰ ਉਤੇ ਚੁੰਨੀ ਨਹੀਓਂ ਠਹਿਰਦੀ

੧੨-੭-੫੩

# ਪੱਲਾ ਡੋਲੇ ਦਾ ਜਾਂ ਚੁੱਕ ਕੇ

ਪੱਲਾ ਡੋਲੇ ਦਾ ਜਾਂ ਚੁੱਕ ਕੇ ਨਨਾਨ ਵੇਖਿਆ
ਹੁੰਦਾ ਮੱਥੇ ਉਤੇ ਚੰਦ ਕੁਰਬਾਨ ਵੇਖਿਆ

ਨੀ, ਉਹ ਹੱਕੀ-ਬੱਕੀ ਰਹਿ ਗਈ, ਅਹੁੜੇ ਗੱਲ ਕੋਈ ਨਾ
ਜੀਹਨੂੰ ਰੱਬ ਰੂਪ ਦੇਵੇ, ਸੱਕੇ ਝੱਲ ਕੋਈ ਨਾ
ਜਿਉਂਦੇ ਜਾਦੂ ਅੱਗੇ ਝੁਕਦਾ ਜਹਾਨ ਵੇਖਿਆ
ਪੱਲਾ ਡੋਲੇ ਦਾ ਜਾਂ ਚੁੱਕ ਕੇ ਨਨਾਨ ਵੇਖਿਆ

ਗੋਰੇ ਮੂੰਹਾਂ ਉਤੇ ਇਉਂ ਪਰਛਾਂਵੇਂ ਛਾ ਗਏ
ਜਿਵੇਂ ਚੰਦ ਵੱਲੇ ਵੇਖ ਤਾਰੇ ਸ਼ਰਮਾ ਗਏ
ਸਾਰੇ ਪਿੰਡ ਦਾ ਮੈਂ ਹੁਸਨ ਹੈਰਾਨ ਵੇਖਿਆ
ਪੱਲਾ ਡੋਲੇ ਦਾ ਜਾਂ ਚੁੱਕ ਕੇ ਨਨਾਨ ਵੇਖਿਆ

ਛੁਹ ਕੇ ਬੁੱਲ੍ਹਾਂ ਨਾਲ ਮਛਲੀ ਦੇ ਪੱਤ ਝੌਂ ਗਏ
ਪੀ ਕੇ ਜਿਸਤਰ੍ਹਾਂ ਦਲ੍ਹੀਜ 'ਤੇ ਸ਼ਰਾਬੀ ਸੌਂ ਗਏ
ਲੌਂਗ ਪੀਲਾ ਪੀਲਾ ਹੋਇਆ ਪਰੇਸ਼ਾਨ ਵੇਖਿਆ
ਪੱਲਾ ਡੋਲੇ ਦਾ ਜਾਂ ਚੁੱਕ ਕੇ ਨਨਾਨ ਵੇਖਿਆ

ਨਿਗ੍ਹਾ ਆਰਸੀ 'ਤੇ ਪਈ, ਤਾਂ ਕੋਈ ਹੋਰ ਦਿਸਿਆ
ਖੱਟੀ ਪੱਗ ਵਾਲਾ ਜੋਬਨ ਦਾ ਚੋਰ ਦਿਸਿਆ
ਉਹਦਾ ਝਿੰਮ੍ਹੀ ਉਤੇ ਡੋਲਦਾ ਈਮਾਨ ਵੇਖਿਆ
ਪੱਲਾ ਡੋਲੇ ਦਾ ਜਾਂ ਚੁੱਕ ਕੇ ਨਨਾਨ ਵੇਖਿਆ

ਹੁੰਦਾ ਮੱਥੇ ਉਤੇ ਚੰਦ ਕੁਰਬਾਨ ਵੇਖਿਆ

੨੭-੮-੫੪

# ਤੀਆਂ ਵਿਚ ਆ ਮਿੱਤਰਾ !

ਤੀਆਂ ਵਿਚ ਆ ਮਿੱਤਰਾ !
ਤੈਨੂੰ ਉਡਦੀਆਂ ਪਰੀਆਂ ਵਿਖਾਵਾਂ

ਸਾਰੀਆਂ ਸਹੇਲੀਆਂ ਦੇ ਬਣ-ਠਣ ਕੇ ਪਰਾਹੁਣੇ ਆਏ
ਗਿੱਧੇ ਵਿਚ ਲੱਖ ਰੌਣਕਾਂ ਮੇਰਾ ਜਿਉੜਾ ਕੱਲ੍ਹਾ ਘਬਰਾਏ
ਸਾਲੀ ਤੇਰੀ ਪਾਵੇ ਔਂਸੀਆਂ, ਵੇ ਮੈਂ ਲੁਕ ਲੁਕ ਕਾਗ ਉਡਾਵਾਂ
ਤੀਆਂ ਵਿਚ ਆ ਮਿੱਤਰਾ !
ਤੈਨੂੰ ਉਡਦੀਆਂ ਪਰੀਆਂ ਵਿਖਾਵਾਂ

ਛਿੰਦੋ ਪਟਵਾਰੀਆਂ ਦੀ ਬਾਂਹ ਕਢ ਕੇ ਬੋਲੀਆਂ ਪਾਵੇ
ਮਾਂਦਰੀ ਪਰਾਹੁਣਾ ਓਸਦਾ, ਤੇ ਉਹ ਚੁੰਨੀਆਂ ਦੇ ਸੱਪ ਪਈ ਲੜਾਵੇ
ਡਰਦੀ ਇਕੱਲ ਤੋਂ, ਚੰਨਾ ! ਮੈਂ ਨਾ ਹੱਥ ਮੀਢੀਆਂ ਨੂੰ ਲਾਵਾਂ
ਤੀਆਂ ਵਿਚ ਆ ਮਿੱਤਰਾ !
ਤੈਨੂੰ ਉਡਦੀਆਂ ਪਰੀਆਂ ਵਿਖਾਵਾਂ

ਬਣ ਬਣ ਚੀਚ-ਵਹੁਟੀਆਂ ਏਥੇ ਨੱਢੀਆਂ ਖੇਡਦੀਆਂ ਸਾਵੇਂ
ਲੋਕਾਂ ਨੂੰ ਮੈਂ ਖੇਡਦੀ ਦਿਸਾਂ, ਪਰ ਅਖੀਆਂ 'ਚ ਤੇਰੇ ਪਰਛਾਂਵੇਂ
ਸਹੁੰ ਲੈ ਲੈ ਰੱਬ ਦੀ, ਚੰਨਾ ! ਤੇਰੇ ਪਿਆਰ ਦੀ ਕਦੇ ਨਾ ਸਹੁੰ ਖਾਵਾਂ
ਤੀਆਂ ਵਿਚ ਆ ਮਿੱਤਰਾ !
ਤੈਨੂੰ ਉਡਦੀਆਂ ਪਰੀਆਂ ਵਿਖਾਵਾਂ

ਪੀਂਘ ਦੇ ਬਹਾਨੇ, ਹਾਣੀਆਂ ! ਤੇਰੇ ਰਾਹ 'ਤੇ ਝਾਤੀਆਂ ਮਾਰਾਂ
ਦਿਲ ਮੇਰਾ ਮੱਛਰ ਪਵੇ ਤੇਰੇ ਬੋਤੇ ਦੀਆਂ ਵੇਖ ਕੇ ਨੁਹਾਰਾਂ
ਵੇਖ ਸੁਰਮਈ ਸ਼ੰਬਲਾ, ਵੇ ਮੈਂ ਨੱਚਦੀ ਮੋਰ ਬਣ ਜਾਵਾਂ
ਤੀਆਂ ਵਿਚ ਆ ਮਿੱਤਰਾ !
ਤੈਨੂੰ ਉਡਦੀਆਂ ਪਰੀਆਂ ਵਿਖਾਵਾਂ

੨੭-੬-੫੪

# ਤੂੰ ਘਰ ਆ ਚੰਨਾ

ਵੇ ਮੈਂ ਰਹੀ ਆਂ ਪੰਘੂੜੇ ਨੂੰ ਹੁਲਾਰ
ਵਿਚ ਖਿਹੜਦਾ ਸੱਜਣ ਤੇਰਾ ਪਿਆਰ
ਤੂੰ ਘਰ ਆ ਚੰਨਾ! ਹੁ-ਹੁ ਆ ਚੰਨਾ!

ਲਾਸਾਂ ਫੜ ਜਾਂ ਪੰਘੂੜਾ ਮੈਂ ਹਿਲਾਂਦੀ ਆਂ
ਪੀਘਾਂ ਸੌਣ ਦੀਆਂ ਯਾਦ ਨੇ ਆ ਜਾਂਦੀਆਂ
ਹੂਟੇ ਦੇਂਦਾ ਸੈਂ ਜਾਂ ਬਾਂਹ ਨੂੰ ਉਲਾਰ
ਤੂੰ ਘਰ ਆ ਚੰਨਾ! ਹੁ-ਹੁ ਆ ਚੰਨਾ

ਤੇਰਾ ਨਿੱਕਾ ਜੇਹਾ ਛੂਹਰੂਆ ਸਤਾਂਦਾ ਏ
ਸਾਨੂੰ ਵੇਖ ਵੇਖ ਅੱਖਾਂ ਮਟਕਾਂਦਾ ਏ
ਹੋਵੇ ਅੱਖੀਆਂ 'ਚੋਂ ਤੇਰਾ ਹੀ ਦੀਦਾਰ
ਤੂੰ ਘਰ ਆ ਚੰਨਾ! ਹੁ-ਹੁ ਆ ਚੰਨਾ!

ਜ਼ਰਾ ਵੇਖ ਆ ਕੇ ਇਹਦੀਆਂ ਸ਼ਰਾਰਤਾਂ
ਨਿੱਕਾ ਟੈਣਾ ਜੇਹਾ ਪਾਵੇ ਕੀ ਬੁਝਾਰਤਾਂ
ਗੱਲਾਂ ਕਰੇ ਬਿਨਾਂ ਬੋਲਿਆਂ ਹਜ਼ਾਰ
ਤੂੰ ਘਰ ਆ ਚੰਨਾ! ਹੁ-ਹੁ ਆ ਚੰਨਾ

ਆਖ 'ਪਾ-ਪਾ, ਪਾ-ਪਾ' ਤੈਨੂੰ ਪਿਆ ਵੰਗਾਰਦਾ
ਚੜ੍ਹ ਹਿੱਕ ਉਤੇ ਚਾਂਗਰਾਂ ਈਂ ਮਾਰਦਾ
ਮਿਧ ਛਾਤੀਆਂ ਦਾ ਰਿਹਾ ਈ ਉਭਾਰ
ਤੂੰ ਘਰ ਆ ਚੰਨਾ! ਹੁ-ਹੁ ਆ ਚੰਨਾ

ਜਦੋਂ ਵੇਖਾਂ ਮੈਂ ਸੁਨੱਖੇ ਇਹਦੇ ਅੰਗ ਵੇ
ਆਵੇ ਯਾਦ ਕੋਈ ਪੁਰਾਣੀ, ਜਾਵਾਂ ਸੰਗ ਵੇ

ਇਹਦੇ ਵਿਚੋਂ ਤੇਰੀ ਦਿਸਦੀ ਨੁਹਾਰ
ਤੂੰ ਘਰ ਆ ਚੰਨਾ! ਹੁ-ਹੂ ਆ ਚੰਨਾ!

ਪਿਉ ਜੇਹਾ ਹੀ ਅਖ਼ੀਰ ਹੋਣਾ ਪੁੱਤ ਵੇ
ਅਸੀਂ ਚੁਕੀਏ, ਤਾਂ ਪੁੱਟੇ ਸਾਡੀ ਗੁੱਤ ਵੇ

ਚੂਪ ਠੋਡੀ ਵਾਲੀ ਲਈ ਸੂ ਬਹਾਰ
ਤੂੰ ਘਰ ਆ ਚੰਨਾ! ਹੁ-ਹੂ ਆ ਚੰਨਾ!

ਵੇ ਮੈਂ ਰਹੀਂ ਆਂ ਪੰਘੂੜੇ ਨੂੰ ਹੁਲਾਰ
ਵਿਚ ਖਿਹਡਦਾ ਸੱਜਣ ਤੇਰਾ ਪਿਆਰ
ਤੂੰ ਘਰ ਆ ਚੰਨਾ! ਹੁ-ਹੁ ਆ ਚੰਨਾ!

੧੦-੧੧-੫੫

# ਨਜ਼ਰਾਂ ਨਾ ਲਾਵੀਂ ਭਾਬੀ !

ਚਾਈਂ ਚਾਈਂ ਵੀਰ ਦੀ ਸੁਆਰਾਂ ਨੀ ਮੈਂ ਚੀਰਨੀ
ਨਜ਼ਰਾਂ ਨਾ ਲਾਵੀਂ, ਭਾਬੀ ! ਨੈਣ ਤੇਰੇ ਤੀਰ ਨੀ

ਸ਼ੋਖ਼ੀ ਤੇਰੀ ਅੱਖੀਆਂ ਦੀ, ਕੱਜਲੇ ਦੀ ਧਾਰੀ ਨੀ
ਮੋਹੰਦੀ ਏ ਜਵਾਨੀ, ਪਾਵੇ ਜਾਲ ਜਿਉਂ ਸ਼ਕਾਰੀ ਨੀ
ਪਲਕਾਂ ਦੀਆਂ ਸੈਨਤਾਂ ਨਾਂ ਲਿਖੇਂ ਤਕਦੀਰ ਨੀ
ਨਜ਼ਰਾਂ ਨਾ ਲਾਵੀਂ, ਭਾਬੀ ! ਨੈਣ ਤੇਰੇ ਤੀਰ ਨੀ

ਭਾਬੋ ! ਜਾਪੇਂ ਤੂੰ ਵੀ, ਜਿਵੇਂ ਸੁਰਗਾਂ ਦੀ ਹੂਰ ਨੀ
ਵੀਰ ਮੇਰਾ ਚੰਦ ਬਿਨਾਂ ਦਾਗ਼, ਨਿਰਾ ਨੂਰ ਨੀ
ਰੱਬ ਨੇ ਹੈ ਆਪ ਜਿਵੇਂ, ਖਿੱਚੀ ਤਸਵੀਰ ਨੀ
ਨਜ਼ਰਾਂ ਨਾ ਲਾਵੀਂ, ਭਾਬੀ ! ਨੈਣ ਤੇਰੇ ਤੀਰ ਨੀ

ਕਾਲੇ ਕਾਲੇ ਨੈਣ ਭੌਰ ਰੱਖ ਨੀ ਸੰਭਾਲ ਕੇ
ਦੁਨੀਆਂ ਬਗ਼ੀਚੇ ਵਿਚੋਂ ਇਹਨਾਂ ਸਾਰੇ ਭਾਲ ਕੇ
ਫੁੱਲਾਂ ਦੇ ਭੁਲੇਖੇ ਲਿਆ ਮੱਲ ਮੇਰਾ ਵੀਰ ਨੀ
ਨਜ਼ਰਾਂ ਨਾ ਲਾਵੀਂ, ਭਾਬੀ ! ਨੈਣ ਤੇਰੇ ਤੀਰ ਨੀ

ਚਾਈਂ ਚਾਈਂ ਵੀਰ ਦੀ ਸੁਆਰਾਂ ਨੀ ਮੈਂ ਚੀਰਨੀ
ਨਜ਼ਰਾਂ ਨਾ ਲਾਵੀਂ, ਭਾਬੀ ! ਨੈਣ ਤੇਰੇ ਤੀਰ ਨੀ

੨੭-੬-੫੪

# ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ

ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

ਸ਼ੀਸ਼ੇ ਵਿਚੋਂ ਦਿੱਸੇ ਕੋਈ ਆਪਣੀ ਨੁਹਾਰ ਦਾ
ਅੰਗ ਅੰਗ ਵਿਚੋਂ ਰੰਗ ਝਲਕੇ ਪਿਆਰ ਦਾ
ਲੁਕ ਲੁਕ ਕੋਈ ਮੁਸਕਾਏ,
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

ਪਤਾ ਨਹੀਂ, ਕਿ ਮੇਰੇ ਉਤੇ ਚੰਨ ਜੀ ਦਾ ਰੂਪ ਏ
ਪਤਾ ਨਹੀਂ, ਕਿ ਓਹੀ ਮੇਰਾ ਆਪਣਾ ਸਰੂਪ ਏ
ਵੇਖਿਆਂ ਭੁਲੇਖਾ ਲੱਗ ਜਾਏ
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

ਖ਼ੁਸ਼ੀ ਦੇ ਮੈਂ ਭਾਰ ਹੇਠਾਂ ਦੱਬੀ ਦੱਬੀ ਜਾਂਦੀ ਆਂ
ਉਤੋਂ ਉਤੋਂ ਹੱਸਦੀ ਤੇ ਵਿਚੋਂ ਘਬਰਾਂਦੀ ਆਂ
ਸੱਚ ਸੁਪਨਾ ਨਾ ਬਣ ਜਾਏ
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

ਹੱਸਦੀ ਜਵਾਨੀ ਵੇਖ ਸ਼ੀਸ਼ਾ ਸ਼ਰਮਾਏ
ਹਾਏ ! ਆਪਣੀ ਨਜ਼ਰ ਲੱਗ ਜਾਏ ਨਾ

੧੦-੩-੫੧

# ਸੂਰਜ 'ਤੇ ਪੱਲਾ ਪਾਇਆ

ਸੂਰਜ 'ਤੇ ਪੱਲਾ ਪਾਇਆਂ, ਪੈਣੀ, 'ਨਾਜੋ' ਰਾਤ ਨਾ
ਬੱਦਲਾਂ ਦੇ ਘੁੰਡ ਵਿਚ ਲੁਕੇ ਪਰਭਾਤ ਨਾ

ਆਈ ਏ ਜਵਾਨੀ, ਇਹਨੇ ਛੁਪਣਾ ਛੁਪਾਈ ਨਾ
ਰੂਪ ਦੀ ਦੁਪਹਿਰ ਅੱਗੇ ਕੀਹਦੇ ਉਤੇ ਆਈ ਨਾ
ਧੁੰਧ ਵਿਚ ਲੁਕੀ ਰਹਿੰਦੀ ਬਿਜਲੀ ਦੀ ਝਾਤ ਨਾ
ਸੂਰਜ 'ਤੇ ਪੱਲਾ ਪਾਇਆਂ, ਪੈਣੀ 'ਨਾਜੋ' ਰਾਤ ਨਾ

ਜੋਤ ਨੂੰ ਲੁਕਾ ਲੂ ਕਿਵੇਂ ਚੁੰਨੀ ਨੀ ਸ਼ਨੂੰਨ ਦੀ ?
ਬੁੱਲ੍ਹੀਆਂ 'ਤੇ ਲਾਲੀ ਜਾਪੇ ਭੰਬਟਾਂ ਦੇ ਖ਼ੂੰਨ ਦੀ
ਸ਼ੀਸ਼ੇ ਉਹਲੇ ਸ਼ੋਖ਼ ਰੰਗ ਪੈਂਦੇ ਕਦੇ ਮਾਤ ਨਾ
ਸੂਰਜ 'ਤੇ ਪੱਲਾ ਪਾਇਆਂ; ਪੈਣੀ 'ਨਾਜੋ' ਰਾਤ ਨਾ

ਛੱਡ ਫੋਕੀ ਸੰਗ, ਚੁੱਕ ਉਪਰ ਨਿਗਾਹ ਨੀ
ਭਾਗਾਂ ਨਾਲ ਹਾਣੀ ਮਿਲੇ ਜ਼ਿੰਦਗੀ ਦੇ ਰਾਹ ਨੀ
ਸੱਖਣੀ ਸੰਧੂਰੋਂ ਤੇਰੀ ਚੀਰਨੀ ਬਰਾਤ ਨਾਂ
ਸੂਰਜ 'ਤੇ ਪੱਲਾ ਪਾਇਆਂ, ਪੈਣੀ 'ਨਾਜੋ' ਰਾਤ ਨਾ
ਬੱਦਲਾਂ ਦੇ ਘੁੰਡ ਵਿਚ ਲੁਕੇ ਪਰਭਾਤ ਨਾ
ਸੂਰਜ 'ਤੇ ਪੱਲਾ ਪਾਇਆਂ, ਪੈਣੀ 'ਨਾਜੋ' ਰਾਤ ਨਾ

੨-੧੦-੫੪

# ਸ਼ਹਿਰੀਂ ਨਾ ਜਾਈਂ ਵੇ

ਸ਼ਹਿਰੀਂ ਨਾ ਜਾਈਂ ਵੇ !
ਚੰਗੇ ਨਹੀਂ ਸ਼ਹਿਰਨਾਂ ਦੇ ਚਾਲੇ
ਹੁਸਨ ਵਲੈਤੀ ਦੇ
ਓਥੇ ਦੋ ਦੋ ਸੱਪ ਰਖਵਾਲੇ

ਰੁੱਸ ਪਊ ਜੀ ਸਦਕੇ, ਜੇ ਰੁੱਸਿਆਂ ਬਿਨਾਂ ਨਹੀਂ ਰਹਿਣਾ
ਖੇਤ 'ਚ ਦੁਪਹਿਰ ਕੱਟ ਲਈਂ, ਅੰਤ ਮੰਨਣਾ ਸ਼ਾਮ ਨੂੰ ਪੈਣਾ
ਨਹੀਂ ਤਾਂ ਡੁੱਲ੍ਹ ਪੈਣਗੇ, ਮੇਰੇ ਨੈਣ ਮੋਤੀਆਂ ਵਾਲੇ
ਸ਼ਹਿਰੀਂ ਨਾ ਜਾਈਂ ਵੇ ! ਚੰਗੇ ਨਹੀਂ ਸ਼ਹਿਰਨਾਂ ਦੇ ਚਾਲੇ

ਸ਼ਹਿਰੀ ਕੁੜੀਆਂ ਦੇ, ਹੁੰਦੀ ਮਾਂਗਵੀਂ ਮੂੰਹਾਂ 'ਤੇ ਲਾਲੀ
ਪਿਆਰ ਬਨਾਉਟੀ ਨੇ, ਅਤੇ ਕੌਲ ਇਕਰਾਰ ਖ਼ਿਆਲੀ
ਵਾਅਦੇ ਉਮਰਾਂ ਦੇ, ਪਰ ਅਮਲ ਸਿਨਮਿਆਂ ਵਾਲੇ
ਸ਼ਹਿਰੀਂ ਨਾ ਜਾਈਂ ਵੇ ! ਚੰਗੇ ਨਹੀਂ ਸ਼ਹਿਰਨਾਂ ਦੇ ਚਾਲੇ

ਓਹਲੇ ਐਨਕ ਦੇ, ਓਥੇ ਕੱਜਲਾ ਦਾਗ਼ਦਾ ਤੋੜੇ
ਛਤਰੀ ਰੇਸ਼ਮ ਦੀ, ਪਈ ਵੀਣੀ ਨੂੰ ਮਚਕੋੜੇ
ਐਪਰ ਨਹੀਂ ਲੱਭਣੇ, ਡੌਲੇ 'ਰਹੁ' 'ਮੱਖਣਾ' ਦੇ ਪਾਲੇ
ਸ਼ਹਿਰੀਂ ਨਾ ਜਾਈਂ ਵੇ ! ਚੰਗੇ ਨਹੀਂ ਸ਼ਹਿਰਨਾਂ ਦੇ ਚਾਲੇ

ਔਖੀ ਭੁੱਲਣੀ ਏਂ, ਚੰਨ ! ਹੀਰ ਚੂਰੀਆਂ ਵਾਲੀ
ਝਾਤ ਸਵੇਰਾਂ ਦੀ, ਮੇਰੀ ਭਖਦੀ ਮੱਥੇ ਦੀ ਲਾਲੀ
ਸੂਰਜ ਚੜ੍ਹ ਪਏਗਾ, ਜਦ ਖਿੱਲਰੇ ਵਾਲ ਸੰਭਾਲੇ
ਸ਼ਹਿਰੀਂ ਨਾ ਜਾਈਂ ਵੇ ! ਚੰਗੇ ਨਹੀਂ ਸ਼ਹਿਰਨਾਂ ਦੇ ਚਾਲੇ
ਹੁਸਨ ਵਲੈਤੀ ਦੇ ਓਥੇ ਦੋ ਦੋ ਸੱਪ ਰਖਵਾਲੇ

੧੯-੯-੫੪

# ਅੱਜ ਸਾਡੇ ਓਸ ਆਉਣਾ

ਅੱਜ ਸਾਡੇ ਓਸ ਆਉਣਾ,
ਜੀਹਦਾ ਸੰਗਦੀ ਲਵਾਂ ਨਾ ਨਾਂ

ਨੱਚ ਲਓ ਸਹੇਲੀਓ ਨੀ ! ਚਾਰ ਦਿਨ ਮਾਪਿਆਂ ਦਾ ਦੇਸ
ਅੱਜ ਕੱਲ੍ਹ ਉਡ ਜਾਵਣਾ ਅਸਾਂ ਕਰ ਕੇ ਭੰਭਰੀਆਂ ਦਾ ਵੇਸ
ਸਾਲ ਪਿਛੋਂ ਫੇਰ ਲੱਭਣੀ ਇਹਨਾਂ ਸਾਵੀਆਂ ਨਿੰਮਾਂ ਦੀ ਛਾਂ
ਅੱਜ ਸਾਡੇ ਓਸ ਆਉਣਾ, ਜੀਹਦਾ ਸੰਗਦੀ ਲਵਾਂ ਨਾ ਨਾਂ
ਛੁਟ ਛੁਟ ਜਾਏ ਨੇਤਰਾ ਦੁਧ ਪਾਇਆ ਜਦ ਉਠ ਕੇ ਉਸ਼ੇਰ
ਆਟਾ ਭੁੜਕਾਇਆ ਜਾਣਕੇ ਕੇਈ ਸਗਨ ਮਨਾਏ ਨੀ ਮੈਂ ਫੇਰ
ਖ਼ੁਸ਼ੀ ਵਿਚ ਅੰਗੀ ਫਿੱਸ ਗਈ ਜਦ ਬੋਲਿਆ ਬਨੇਰੇ ਉਤੇ ਕਾਂ
ਅੱਜ ਸਾਡੇ ਓਸ ਆਉਣਾ, ਜੀਹਦਾ ਸੰਗਦੀ ਲਵਾਂ ਨਾ ਨਾਂ
ਸਹੁੰ ਮੈਨੂੰ ਸੁੱਚੇ ਪਿਆਰ ਦੀ ਇਕ ਪਲ ਵੀ ਨਾ ਲੱਗੀ ਅੱਖ ਰਾਤ
ਚਾਵਾਂ ਵਿਚ ਸੁੱਧ ਨਾ ਰਹੀ ਬੱਸ ਪੈਂਦਿਆਂ ਈਂ ਹੋ ਗਈ ਪਰਭਾਤ
ਸਾਨੂੰ ਉਹਦਾ ਖ਼ਤ ਆ ਗਿਆ, ਕੱਲ੍ਹ ਬਾਪੂ ਤਾਈਂ ਆਖਦੀ ਸੀ ਮਾਂ
ਅੱਜ ਸਾਡੇ ਓਸ ਆਉਣਾ, ਜੀਹਦਾ ਸੰਗਦੀ ਲਵਾਂ ਨਾ ਨਾਂ
ਚਰਖ਼ੇ 'ਤੇ ਬੈਠਿਆਂ, ਕੁੜੇ ! ਮੈਨੂੰ ਚੜ੍ਹ ਚੜ੍ਹ ਜਾਵੇ ਅੱਜ ਸਾਹ
ਮਾਂ ਮੈਨੂੰ ਵੱਟੇ ਘੂਰੀਆਂ, ਵੇਖਾਂ ਕੋਠੇ ਉਤੇ ਚੜ੍ਹ ਕੇ ਜਾਂ ਰਾਹ
ਚੁੰਨੀ ਕਿਤੇ ਖੰਭ ਬਣ ਜੇ, ਜੀ ਕਰੇ ਮੇਰਾ, ਉਡ-ਪੁਡ ਜਾਂ
ਅੱਜ ਸਾਡੇ ਓਸ ਆਉਣਾ, ਜੀਹਦਾ ਸੰਗਦੀ ਲਵਾਂ ਨਾ ਨਾਂ
ਭਾਰਾ ਭਾਰਾ ਮੂੰਹ, ਕੁੜੀਏ ! ਤੇਰਾ ਅੱਜ ਮੈਨੂੰ ਲੱਗਦਾ ਈ ਹੋਰ
ਅੱਜ ਮੈਨੂੰ ਭਾਸਦੀ ਏ ਤੇਰੀ ਮੁੰਡਿਆਂ ਵਰਗੀ ਤੋਰ
ਪੈਂਦਾ ਏ ਭੁਲੇਖਾ, ਵੈਰਨੇ ! ਮੇਰੀ ਨਾ ਫੜ ਘੁੱਟ ਕੇ ਬਾਂਹ
ਅੱਜ ਸਾਡੇ ਓਸ ਆਉਣਾ, ਜੀਹਦਾ ਸੰਗਦੀ ਲਵਾਂ ਨਾ ਨਾਂ

੯-੧-੫੬

# ਗੁੰਗਾ ਏ ਪਿਆਰ ਮੇਰਾ

ਗੁੰਗਾ ਏ ਪਿਆਰ ਮੇਰਾ
ਮੂੰਹੋਂ ਨਾ ਬੋਲ ਸਕਦਾ
ਮਿੱਤਰਾਂ ਦੇ ਕੋਲ ਵੀ ਮੈਂ
ਦਿਲ ਨੂੰ ਨਾ ਫੋਲ ਸਕਦਾ

ਅੱਗ ਅਪਣੇ ਆਪ ਲਾ ਕੇ
ਰਖਦਾਂ ਦਬਾ ਦਬਾ ਕੇ
ਬੁੱਲ੍ਹਾਂ 'ਤੇ ਮੋਹਰ ਚੁੱਪ ਦੀ
ਜੋ ਮੈਂ ਨਾ ਖੋਲ੍ਹ ਸਕਦਾ
ਗੁੰਗਾ ਏ ਪਿਆਰ ਮੇਰਾ ਮੂੰਹੋਂ ਨਾ ਬੋਲ ਸਕਦਾ

ਹੰਝੂਆਂ ਦੀ ਇਹ ਰਵਾਨੀ
ਉਸਦੀ ਸਮਝ ਨਿਸ਼ਾਨੀ
ਝੋਲੀ 'ਚ ਲੈ ਰਿਹਾ ਹਾਂ
ਭੋਇੰ 'ਤੇ ਨਹੀਂ ਰੋਲ ਸਕਦਾ
ਗੁੰਗਾ ਏ ਪਿਆਰ ਮੇਰਾ ਮੂੰਹੋਂ ਨਾ ਬੋਲ ਸਕਦਾ

ਇਹ ਗ਼ਮ ਤੇ ਇਹ ਜਵਾਨੀ
ਸਭ ਉਸਦੀ ਮਿਹਰਬਾਨੀ
ਵਸਦੀ ਜੋ ਫੁਰਨਿਆਂ ਵਿਚ
ਫਿਰ ਵੀ ਨਾ ਟੋਲ ਸਕਦਾ
ਗੁੰਗਾ ਏ ਪਿਆਰ ਮੇਰਾ ਮੂੰਹੋਂ ਨਾ ਬੋਲ ਸਕਦਾ
ਮਿੱਤਰਾਂ ਦੇ ਕੋਲ ਵੀ ਮੈਂ ਦਿਲ ਨੂੰ ਨਾ ਫੋਲ ਸਕਦਾ

੫-੧੧-੫੦

# ਮੈਂ ਨਹੀਂ ਤੱਕਣਾ ਤੇਰੀ ਓਰ

ਮੈਂ ਨਹੀਂ ਤੱਕਣਾ ਤੇਰੀ ਓਰ

ਕਿੰਨਾ ਹੀ ਤੂੰ ਬਣ-ਠਣ ਆਵੇਂ
ਬਾਰੀ ਵਿਚੋਂ ਝਾਤੀਆਂ ਪਾਵੇਂ
'ਏ ਜੀ ! ਏ ਜੀ !' ਆਖ ਬੁਲਾਵੇਂ
ਲਾਵੇਂ ਜਿਹੜਾ ਲਗਦਾ ਜ਼ੋਰ, ਮੈਂ ਨਹੀਂ ਤਕਣਾ ਤੇਰੀ ਓਰ

ਵੇਖ ਲਏ ਸਭ ਤੇਰੇ ਚਾਲੇ
ਕਰ ਕੇ ਬਚਨ ਕਿੰਨੇ-ਕੁ ਪਾਲੇ
ਇਹ ਝਾਸੇ ਸਭ ਠੱਗਾਂ ਵਾਲੇ
ਮੂੰਹੋਂ ਹੋਰ ਤੇ ਦਿਲ ਵਿਚ ਹੋਰ, ਮੈਂ ਨਹੀਂ ਤੱਕਣਾ ਤੇਰੀ ਓਰ

ਪਹਿਲਾਂ ਹੱਸ ਹੱਸ ਮਨ ਮੋਹ ਲੈਣਾ
ਫਿਰ ਐਵੇਂ ਈਂ ਰੁੱਸ ਰੁੱਸ ਬਹਿਣਾ
ਥੋੜੀ ਗੱਲੋਂ ਖਿਝ ਖਿਝ ਪੈਣਾ
ਜਾਪੇਂ ਦਿਲ ਦਾ ਬੜਾ ਕਠੋਰ, ਮੈਂ ਨਹੀਂ ਤਕਣਾ ਤੇਰੀ ਓਰ

ਹੁਣ ਮੈਂ ਦਿਲ ਨੂੰ ਕਾਬੂ ਕਰ ਸਾਂ
ਪ੍ਰੀਤ ਤੇਰੀ ਦਾ ਦਮ ਨਾ ਭਰ ਸਾਂ
ਚੁੱਪ ਕਰ ਕੇ ਸਭ ਜੀ 'ਤੇ ਜਰ ਸਾਂ
ਹੋਰ ਨਹੀਂ ਕੋਈ ਸਾਡਾ ਜ਼ੋਰ, ਮੈਂ ਨਹੀਂ ਤਕਣਾ ਤੇਰੀ ਓਰ

ਹੁਣ ਤੇਰੇ ਵੱਲ ਝਾਤ ਨਾ ਪਾ ਸਾਂ
ਨੈਣਾਂ ਨਾਲ ਨਾ ਨੈਣ ਮਿਲਾ ਸਾਂ
ਨਾ ਰੁੱਸ ਸਾਂ, ਨਾ ਆਪ ਮਨਾ ਸਾਂ
'ਸੀਤਲ' ਹੁਣ ਮੈਂ ਬਣ ਸਾਂ ਹੋਰ,ਮੈਂ ਨਹੀਂ ਤਕਣਾ ਤੇਰੀ ਓਰ

੨੮-੪-੨੯

# ਲੈ ਦੇ ਰਬੜ ਦਾ ਬਾਵਾ

ਮਾਏ ! ਮੈਨੂੰ ਲੈ ਦੇ ਰਬੜ ਦਾ ਬਾਵਾ
ਨੀ, ਹਾਏ ! ਮੇਰਾ ਚੰਦਰੀ ਦਾ ਜੀ-ਪਰਚਾਵਾ

ਕੇਸਰੀ ਦੇ ਬਾਪੂ, ਵਰ ਹਲ-ਵਾਹ ਟੋਲਿਆ ਨੀ,
ਤੁਸਾਂ ਮਾਏ, ਟੋਲਿਆ ਤਲੰਗਾ
ਮਾਲ ਦਾ ਡਰਾਉਣਾ ਜੇਹਾ, ਬੋਰੀ ਦੇ ਘਟੰਨੇ ਵਾਲਾ
ਬਾਪੂ ਤਾਈਂ ਲੱਗ ਗਿਆ ਚੰਗਾ
ਚਾਰ-ਕੁ ਭੁਆਲੀਆਂ ਦੇ, ਰੋਂਦੀ ਘਰੋਂ ਕਢ ਦਿਤੀ
ਤੋਰ ਦਿਤਾ ਨਾਲੇ ਮੁਕਲਾਵਾ
ਨੀ ਮਾਏ ! ਮੈਨੂੰ ਲੈ ਦੇ ਰਬੜ ਦਾ ਬਾਵਾ

ਸੱਤ ਸਾਲ ਬੀਤ ਚੱਲੇ, ਮੁੱਕੀਆਂ ਨਾ ਲਾਮਾਂ, ਮਾਏ !
ਛੁੱਟੀ ਅਜੇ ਆਇਆ ਨਾ ਸਿਪਾਹੀ
'ਨੌਕਰ ਦੀ ਨਾਰ ਨਾ ਸੁਹਾਗਣ, ਨਾ ਰੰਡੀ' ਕਹਿੰਦੇ
ਮੈਂ ਵੀ ਨਾ ਕੁਆਰੀ, ਨਾ ਵਿਆਹੀ
ਰੀਝਾਂ ਦੱਬ ਰੱਖੀਆਂ ਦੇ ਬਣ ਗਏ ਨਸੂਰ, ਮਾਏ !
ਉਬਲ ਉਬਲ ਵਗੇ ਲਾਵਾ
ਨੀ ਮਾਏ ! ਮੈਨੂੰ ਲੈ ਦੇ ਰਬੜ ਦਾ ਬਾਵਾ

ਭੁੱਲੀ ਚੁੱਕੀ ਚੁੱਕ ਲਾਂ ਜੇ ਕੇਸਰੋ ਦਾ ਬਾਲ ਕਿਤੇ
'ਨਜ਼ਰਾਂ ਨਾ ਲਾਵੀਂ' ਮਿਹਣਾ ਮਾਰੇ
ਪਿੱਟ ਉਠਦੇ ਨੇ ਓਦੋਂ ਚਾਉ ਅਣਪੁੱਜੇ, ਦੱਸ
ਚੁੱਪ ਮੈਂ ਕਰਾਵਾਂ ਕਿਹੜੇ ਲਾਰੇ ?

ਚੰਦ ਨਾ ਮੈਂ ਮੰਗਾਂ, ਮਾਏ ! ਬੰਦ ਨਾ ਮੈਂ ਮੰਗਾਂ
ਮੈਨੂੰ ਲੈ ਦੇ ਰਬੜ ਦਾ ਬਾਵਾ

ਨੀ ਹਾਏ ! ਮੇਰਾ ਚੰਦਰੀ ਦਾ ਜੀ ਪਰਚਾਵਾ

ਸੂਟ ਨਾਲੋਂ ਵਧੇ ਦੀ ਫਰਾਕ ਸੀ ਕੇ, ਲਾਵਾਂਗੀ ਮੈਂ
ਝਾਲਰਾਂ ਨੂੰ ਹੰਝੂਆਂ ਦੇ ਮੋਤੀ
ਪੱਟ ਦੀਆਂ ਲਾਸਾਂ ਦਾ ਪੰਘੂੜਾ ਟੰਗ ਛੱਤ ਨਾਲ
ਹੂਟੇ ਦੇਂਦੀ ਰਹਾਂਗੀ ਖਲੋਤੀ
ਜੋਬਨ ਵਿਲਕਦਾ ਵਰਾ ਲੂੰ, ਮਾਏ ! ਲੋਰੀਆਂ ਦੇ
ਹੋਊ ਕੋਲ ਦਿਲ-ਪਰਚਾਵਾ

ਨੀ ਮਾਏ ! ਮੈਨੂੰ ਲੈ ਦੇ ਰਬੜ ਦਾ ਬਾਵਾ

੧੩-੭-੫੪

# ਭੁੱਲੀਆਂ ਯਾਦਾਂ ਆਵਣ

ਭੁੱਲੀਆਂ ਯਾਦਾਂ ਆਵਣ ਪਿਆਰੇ
ਜੀਉ ਜਲਾਵਨ, ਤਨ ਕਲਪਾਵਨ
ਸੀਨੇ ਦੇ ਵਿਚ ਲੰਬੂ ਲਾਵਨ
ਵਲਵਲਿਆਂ ਦੇ ਹੰਝੂ ਬਣ ਬਣ
ਨੈਣਾਂ ਵਿਚ ਤੂਫਾਨ ਲਿਆਵਨ
ਅਥਰੂ ਡੋਲ੍ਹਨ, ਜਿੰਦੜੀ ਰੋਲਨ
ਲਹੂ ਪੀਣ, ਤਨ ਖਾਵਣ ਪਿਆਰੇ
ਭੁੱਲੀਆਂ ਯਾਦਾਂ ਆਵਣ ਪਿਆਰੇ
ਛੁਰੀਆਂ ਮਾਰਨ, ਕਹਿਰ ਗੁਜ਼ਾਰਨ
ਸ਼ਮਸ ਵਾਗੂੰ ਖੱਲ ਉਤਾਰਨ
ਵਿਚ ਵਿਛੋੜੇ ਕੋਮਲ ਕਲੀਆਂ
ਲੋਕੋ ! ਰੂਪ ਸੂਲਾਂ ਦਾ ਧਾਰਨ
ਕੁੱਲ ਜ਼ਮਾਨਾ, ਬਣੇ ਬਿਗਾਨਾ
ਆਪਣੇ ਵੀ ਛਡ ਜਾਵਣ ਪਿਆਰੇ
ਭੁੱਲੀਆਂ ਯਾਦਾਂ ਆਵਣ ਪਿਆਰੇ
ਚੈਨ ਨਾ ਆਵੇ, ਜਿਉਣ ਨਾ ਭਾਵੇ
ਜਾਨ ਵਿਛੋੜਾ ਵਢ ਵਢ ਖਾਵੇ
ਪਾਣੀ ਤੋਂ ਵਿਛੜੀ ਮਛਲੀ ਲਈ
ਸਾਰੀ ਦੁਨੀਆਂ ਭੱਠ ਬਣ ਜਾਵੇ
ਸਭ ਕੁਛ ਸਹਿਣਾ, ਹਾਏ ਨਾ ਕਹਿਣਾ
ਇਹ ਹੈ ਪ੍ਰੀਤ ਕਮਾਵਣ ਪਿਆਰੇ
ਭੁੱਲੀਆਂ ਯਾਦਾਂ ਆਵਣ ਪਿਆਰੇ

੫-੭-੩੮

# ਦੁਨੀਆਂ ਨਵੀਂ ਵਸਾਈਏ

ਆ ਰਲ ਮਿਲ ਹੱਸੀਏ ਗਾਈਏ
ਕੋਈ ਦੁਨੀਆਂ ਨਵੀਂ ਵਸਾਈਏ

ਉਸ ਨੈਂ ਦੇ ਪਾਰ ਕਿਨਾਰੇ
ਲੋਕਾਂ ਤੋਂ ਦੂਰ ਨਿਆਰੇ
ਮੈਂ ਤੇ ਤੂੰ ਦੋਵੇਂ ਪਿਆਰੇ
ਚੱਲ ਪ੍ਰੇਮ ਦੀ ਕੁਟੀਆ ਪਾਈਏ
ਕੋਈ ਦੁਨੀਆਂ ਨਵੀਂ ਵਸਾਈਏ

ਉਹ ਕਾਹਬਾ, ਉਹ ਬੁਤ-ਖ਼ਾਨਾ
ਉਹ ਰੱਬ ਦਾ ਸਮਝ ਟਿਕਾਨਾ
ਵਿਚ ਪੜ੍ਹੀਏ ਇਸ਼ਕ ਤਰਾਨਾ
ਤੇ ਪ੍ਰੇਮ ਦੀ ਜੋਤ ਜਗਾਈਏ
ਕੋਈ ਦੁਨੀਆਂ ਨਵੀਂ ਵਸਾਈਏ

ਉਸ ਪ੍ਰੇਮ-ਮੰਦਰ ਦੀ ਜੈ ਹੋ
ਨਾ ਹੋਰ ਕਿਸੇ ਦਾ ਭੈ ਹੋ
ਵਰਤੀ ਦੀ ਵਸ਼ਲ ਦੀ ਮੈ ਹੋ
ਪੀ ਮਸਤ ਹੋਈਏ ਰੰਗ ਲਾਈਏ
ਕੋਈ ਦੁਨੀਆਂ ਨਵੀਂ ਵਸਾਈਏ

'ਸੀਤਲ' ਰਲ ਦੋਵੇਂ ਵੱਸੀਏ
ਖ਼ੁਸ਼ੀਆਂ ਵਿਚ ਹੱਸੀਏ ਰੱਸੀਏ
ਨਾ ਭੇਤ ਕਿਸੇ ਨੂੰ ਦੱਸੀਏ
ਨਾ ਸਾਂਝ ਕਿਸੇ ਨਾਲ ਪਾਈਏ
ਕੋਈ ਦੁਨੀਆਂ ਨਵੀਂ ਵਸਾਈਏ

੬-੭-੩੮

# ਨੌਕਰ ਦੇ ਕਿਉਂ ਵਿਆਹੀ

ਨੌਕਰ ਦੇ ਕਿਉਂ ਵਿਆਹੀ ? ਬਾਬਲਾ !
ਨੌਕਰ ਦੇ ਕਿਉਂ ਵਿਆਹੀ ?

ਨੌਕਰ ਤਾਂ ਤੁਰ ਗਿਆ ਲਾਮ ਨੂੰ
ਬਸਰਿਓਂ ਚਿੱਠੀਆਂ ਪਾਵੇ
[ਮੈਂ] ਘਰ ਸਾਂਭਾਂ, ਜਾਂ ਜੋਬਨ ਸਾਂਭਾਂ
ਡਰ ਚੋਰਾਂ ਦਾ ਖਾਵੇ

ਅੰਦਰ ਲੁਕ ਲੁਕ ਸ਼ੀਸ਼ਾ ਵੇਖਾਂ
ਰੂਪ ਕਿਆਮਤ ਆਈ
ਨੌਕਰ ਦੇ ਕਿਉਂ ਵਿਆਹੀ ? ਬਾਬਲਾ !
ਨੌਕਰ ਦੇ ਕਿਉਂ ਵਿਆਹੀ ?

ਖੁੱਲ੍ਹੇ ਵਾਲ ਤੇ ਕਾਲੀਆਂ ਰਾਤਾਂ
ਅੰਦਰ ਬਾਹਰ ਹਨ੍ਹੇਰਾ
ਬਣਨ ਤਰੇਲ ਪੱਘਰ ਕੇ ਤਾਰੇ
ਵੇਖ ਤੱਤੀ ਦਾ ਜੇਰਾ

ਖ਼ਾਲੀ ਪਏ ਪੰਘੂੜੇ ਕੋਲੋਂ
ਬਾਲ ਮੁਆਤਾ ਲਾਈ
ਨੌਕਰ ਦੇ ਕਿਉਂ ਵਿਆਹੀ ? ਬਾਬਲਾ !
ਨੌਕਰ ਦੇ ਕਿਉਂ ਵਿਆਹੀ

ਪਾਕ ਅਮਾਨਤ ਸਾਂਭ ਰੱਖੇ ਨੇ
ਬੁੱਕਲ ਵਿਚ ਅੰਗਿਆਰੇ
ਜਿਉਂ ਜਿਉਂ ਦੱਬਾਂ ਅੱਗ ਧੂੰਏਂ ਦੀ
ਸੇਕ ਤਿਉਂ ਤਿਉਂ ਮਾਰੇ

ਭੁੱਖੀਆਂ ਰੀਝਾਂ ਜਦ ਕੁਰਲਾਵਣ
'ਸ਼ਰਮ' ਦੀ ਦਿਆਂ ਦੁਹਾਈ
ਨੌਕਰ ਦੇ ਕਿਉਂ ਵਿਆਹੀ ? ਬਾਬਲਾ !
ਨੌਕਰ ਦੇ ਕਿਉਂ ਵਿਆਹੀ

ਸੋਨੇ ਨਾਲੋਂ ਕੱਚ ਦੀਆਂ ਵੰਗਾਂ
ਭਾਉਂਦੀਆਂ ਨੇ ਮਨ ਮੇਰੇ
ਰਾਤੀਂ ਰੋਜ਼ ਵੀਣੀਓਂ ਟੁੱਟਣ
ਡੱਕਰੇ ਚੁਗਾਂ ਸਵੇਰੇ

ਪਰ ਕੀ ਜ਼ੋਰ ਧੀਆਂ ਦਾ ? ਲੋਕੋ !
ਪਿਉ ਕਰਦੇ ਮਨ ਆਈ
ਨੌਕਰ ਦੇ ਕਿਉਂ ਵਿਆਹੀ ? ਬਾਬਲਾ !
ਨੌਕਰ ਦੇ ਕਿਉਂ ਵਿਆਹੀ ?

੨-੧੦-੫੪

# ਨਿੰਮ੍ਹੀ ਨਿੰਮ੍ਹੀ ਪੈਂਦੀ ਏ ਫੁਹਾਰ

ਨਿੰਮ੍ਹੀ ਨਿੰਮ੍ਹੀ ਪੈਂਦੀ ਏ ਫੁਹਾਰ
ਦਿਲ ਹੋਇਆ ਬੇ-ਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ ਦਾ

ਕਾਲੀ ਕਾਲੀ ਘਟਾ ਉਤੇ ਬਿਜਲੀ ਚਮਕਦੀ
ਜਿਵੇਂ ਨੀਲੇ ਕਾਗ਼ਜ਼ 'ਤੇ ਨੱਥ ਪਈ ਦਮਕਦੀ

ਨੱਥ ਵਿਚ ਮੋਤੀ ਰੰਗਦਾਰ
ਦਿਲ ਹੋਇਆ ਬੇ-ਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ ਦਾ

ਝੂਟਦੀ ਆਂ ਪੀਂਘ, ਮੇਰਾ ਡੋਲਦਾ ਏ ਦਿਲ ਵੇ
ਖੇਡਦੀ ਆਂ ਸਾਵੇਂ, ਆ ਜਾ ਅੱਜੀਂ-ਪੱਜੀਂ ਮਿਲ ਵੇ

ਤੀਆਂ ਵਿਚ ਕਾਹਦੀ ਏ ਵਿਚਾਰ
ਦਿਲ ਹੋਇਆ ਬੇਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ

ਪਾਵਾਂ ਨਵਾਂ ਸੂਟ ਮੇਰਾ ਸੜ ਉਠੇ ਤਨ ਵੇ
ਸੁਰਮੇਂ ਦੀ ਧਾਰੀ ਖਿੱਚਾਂ, ਵਿਚੋਂ ਰੋਵੇ ਮਨ ਵੇ

ਭੱਠ ਪਿਆ ਹਾਰ ਤੇ ਸ਼ਿੰਗਾਰ
ਦਿਲ ਹੋਇਆ ਬੇ-ਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ ਦਾ

ਵੰਗਾਂ ਸੀ ਚੜ੍ਹਾਈਆਂ, ਬੀਤ ਚੱਲਿਆ ਏ ਸੌਣ ਵੇ
ਇਕ ਵੀ ਨਾ ਟੁੱਟੀ; ਕਾਹਦਾ ਕੱਲ੍ਹਿਆਂ ਦਾ ਜਿਊਣ ਵੇ

ਕੱਢਾਂ ਕੀਹਦਾ ਭੰਨ ਕੇ ਪਿਆਰ
ਦਿਲ ਹੋਇਆ ਬੇ-ਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ ਦਾ

ਹੌਲੀ ਹੌਲੀ ਚੱਲੀਆਂ ਨੇ ਮੁੱਕ ਬਰਸਾਤਾਂ ਵੇ
ਮੁੱਕੀਆਂ ਨਾ ਮੇਰੀਆਂ ਵਿਛੋੜੇ ਦੀਆਂ ਰਾਤਾਂ ਵੇ
ਵੇਖੇ ਤੇਰੇ ਕੌਲ ਇਕਰਾਰ
ਦਿਲ ਹੋਇਆ ਬੇ-ਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ ਦਾ

ਨਿੰਮ੍ਹੀ ਨਿੰਮ੍ਹੀ ਪੈਂਦੀ ਏ ਫੁਹਾਰ
ਦਿਲ ਹੋਇਆ ਬੇ-ਕਰਾਰ
ਇੰਤਜ਼ਾਰ ਦਿਲਦਾਰ ਦਾ, ਦਿਲ-ਦਾਰ ਦਾ

੯-੧੧-੫੫

# ਬੀਤੇ ਦੁੱਖ ਨਾ ਫੋਲ

ਬੀਤੇ ਦੁੱਖ ਨਾ ਫੋਲ
ਓ ਸਾਜਨ ! ਬੀਤੇ ਦੁੱਖ ਨਾ ਫੋਲ
ਦੋ ਘੜੀਆਂ ਮਿਲ ਬੈਠਣ ਮਿਲਿਆ
ਨੈਣ ਨੈਣਾਂ ਵਿਚ, ਦਿਲ ਵਿਚ ਦਿਲ ਆ
ਹੁਣ ਤਾਂ ਹੱਸ ਕੇ ਬੋਲ
ਓ ਸਾਜਨ ! ਬੀਤੇ ਦੁਖ ਨਾ ਫੋਲ
ਆ ਹੱਸੀਏ, ਆ ਘੁਲ ਮਿਲ ਜਾਈਏ
ਆ ਚਾਵਾਂ ਤੋਂ ਚਾਅ ਵਟਾਈਏ
ਬਹਿ ਕੇ ਕੋਲੋ ਕੋਲ
ਓ ਸਾਜਨ ! ਬੀਤੇ ਦੁਖ ਨਾ ਫੋਲ
ਯਾਦ ਕਰਾ ਨਾ ਕੱਲ੍ਹੀਆਂ ਰਾਤਾਂ
ਉਹ, ਹਾਂ, ਉਹ ਸੁੰਞੀਆਂ ਬਰਸਾਤਾਂ
ਮਨੂਆ ਜਾਸੀ ਡੋਲ
ਓ ਸਾਜਨ ! ਬੀਤੇ ਦੁਖ ਨਾ ਫੋਲ
ਬੇ-ਸਮਝੀ ਦਾ ਲੜਨਾ ਰੁੱਸਣਾ
ਆਪ ਵਿਛੜਨਾ, ਆਪੇ ਕੁੱਸਣਾ
ਗ਼ਮ ਨਾਲ ਕਰਨਾ ਘੋਲ
ਓ ਸਾਜਨ ! ਬੀਤੇ ਦੁਖ ਨਾ ਫੋਲ
ਭੁੱਲ ਜਾਹ ਹੁਣ ਉਹ ਗੱਲ ਪੁਰਾਣੀ
ਮੰਨ ਪਓ ਤਰਲੇ ਕਰੇ ਜਵਾਨੀ
ਦਿਲ ਦੀ ਗੁੰਝਲ ਖੋਲ੍ਹ
ਓ ਸਾਜਨ ! ਬੀਤੇ ਦੁਖ ਨਾ ਫੋਲ

੧੭-੫-੪੨

# ਹਟੋ, ਜਾਓ ਜਾਓ

ਹਟੋ, ਜਾਓ ਜਾਓ
ਇਹ ਝਾਸੇ, ਇਹ ਲਾਰੇ
ਮੈਂ ਜਾਣਾ ਜੀ ! ਸਾਰੇ
ਨਾ ਛੇੜੋ, ਨਾ ਮੁੜ ਪ੍ਰੇਮ-ਅਗਨੀ ਮਚਾਓ
ਹਟੋ, ਜਾਓ ਜਾਓ

ਇਕੇਰਾਂ ਦਾ ਹੱਸਣਾ
ਤੇ ਦਿਨ ਭਰ ਦਾ ਕੁੱਸਣਾ
ਇਹ ਝੱਲਿਆ ਨਾ ਜਾਵੇ, ਅਜੀ ! ਨਾ ਸਤਾਓ
ਹਟੋ, ਜਾਓ ਜਾਓ

ਤੁਸਾਂ ਪੰਧ ਪੈਣਾ
ਅਸਾਂ ਬਿਰਹੋਂ ਸਹਿਣਾ
ਓ ਛਲੀਏ ਮੁਸਾਫ਼ਰ ! ਮੁਹੱਬਤਾਂ ਨਾ ਪਾਓ
ਹਟੋ, ਜਾਓ ਜਾਓ

ਇਹ ਦੋ ਮਿੱਠੀਆਂ ਬਾਤਾਂ
ਤੇ ਫਿਰ ਸੁੰਞੀਆਂ ਰਾਤਾਂ
ਅਜੀ ! ਬਾਜ਼ ਆਏ ਨਾ ਸਾਨੂੰ ਬੁਲਾਓ
ਹਟੋ, ਜਾਓ ਜਾਓ
ਹਟੋ, ਜਾਓ ਜਾਓ

੨-੮-੩੮

# ਚਰਖੇ 'ਤੇ ਜੀ ਨਹੀਂ ਲੱਗਦਾ

ਮਾਏ ਨੀ ! ਮੇਰਾ ਚਰਖੇ 'ਤੇ ਜੀ ਨਹੀਂ ਲੱਗਦਾ
ਚਰਖਾ ਮੇਰਾ ਘੂੰ ਘੂੰ ਕਰਦਾ
ਬ੍ਰਿਹੋਂ ਤਸੀਹੇ ਜਿਊੜਾ ਜਰਦਾ
ਨੀਰ ਅੱਖਾਂ 'ਚੋਂ ਵਗਦਾ
ਮਾਏ ਨੀ ! ਮੇਰਾ ਚਰਖੇ 'ਤੇ ਜੀ ਨਹੀਂ ਲੱਗਦਾ

ਜੋਟੇ ਤਕ ਤਕ ਜੀ ਘਬਰਾਂਦਾ
ਇਕ ਵਿਛੋੜਾ ਸ਼ਾਮ ਹੋਰਾਂ ਦਾ
ਇਕ ਉਲਾਂਭਾ ਜੱਗ ਦਾ
ਮਾਏ ਨੀ ! ਮੇਰਾ ਚਰਖੇ 'ਤੇ ਜੀ ਨਹੀਂ ਲੱਗਦਾ

ਤੱਕਲੇ 'ਤੇ ਦੁੱਧ-ਵੰਨੀ ਛੱਲੀ
ਨਾਲ ਲਟਕਦੀ ਪੂਣੀ ਹੱਲੀ
ਚੇਤਾ ਆਇਆ ਪੱਗ ਦਾ
ਮਾਏ ਨੀ ! ਮੇਰਾ ਚਰਖੇ 'ਤੇ ਜੀ ਨਹੀਂ ਲੱਗਦਾ

ਦਰਦ ਵਿਛੋੜਾ ਜਿੰਦੜੀ ਖਾਏ
ਚਰਖੇ ਨੂੰ ਮੈਂ ਫੂਕਾਂ ਮਾਏ
ਲਾਵਾਂ ਲੰਬੂ ਅੱਗ ਦਾ
ਮਾਏ ਨੀ ! ਮੇਰਾ ਚਰਖੇ 'ਤੇ ਜੀ ਨਹੀਂ ਲੱਗਦਾ

'ਸੀਤਲ' ਜੀ ਮੈਂ ਲੁਕ ਲੁਕ ਰੋਵਾਂ
ਸ਼ਾਮੀਂ ਮੱਲ ਦਲ੍ਹੀਜ਼ ਖਲੋਵਾਂ
ਰਾਹ ਵੇਖਾਂ ਉਸ ਠੱਗ ਦਾ
ਮਾਹੇ ਨੀ ! ਮੇਰਾ ਚਰਖੇ 'ਤੇ ਜੀ ਨਹੀਂ ਲੱਗਦਾ

੮-੧੧-੩੩

# ਮੋੜ ਨਾ ਮਾਏ

ਜਾਦੀ ਨੂੰ ਮੈਨੂੰ ਮੋੜ ਨਾ ਮਾਏ

ਏਧਰ ਜੋਬਨ ਬਰਸ ਰਿਹਾ ਏ
ਓਧਰ ਮਾਹੀ ਤਰਸ ਰਿਹਾ ਏ
ਦੋਹੀਂ ਦਿਲੀਂ ਅਨ-ਵੰਡੀਆਂ ਆਹੀਂ
ਮਿਲਦਿਆਂ ਤਾਈਂ ਵਿਛੋੜ ਨਾ ਮਾਏ
ਜਾਂਦੀ ਨੂੰ ਮੈਨੂੰ ਮੋੜ ਨਾ ਮਾਏ

ਏਧਰ ਕੋਈ ਕਾਗ ਉਡਾਵੇ
ਓਧਰ ਕੋਈ ਔਂਸੀਆਂ ਪਾਵੇ
ਉਹਦੀਆਂ ਆਸਾਂ, ਮੇਰੀਆਂ ਤਾਂਘਾਂ
ਪੂਰੀਆਂ ਹੁੰਦੀਆਂ ਤੋੜ ਨਾ ਮਾਏ
ਜਾਣ ਦੇ ਮੈਨੂੰ, ਮੋੜ ਨਾ ਮਾਏ

ਵਕਤ ਗੱਡੀ ਦਾ ਹੁੰਦਾ ਜਾਂਦਾ
ਮੇਰਾ ਦਿਲ ਘੇਰਨੀਆਂ ਖਾਂਦਾ
ਸੋਹਣੀ ਵਾਂਗੂੰ ਘੜਾ ਆਸ ਦਾ
ਖ਼ੂੰਨੀ ਨੈਂ ਵਿਚ ਰੋੜ੍ਹ ਨਾ ਮਾਏ
ਜਾਂਦੀ ਨੂੰ, ਹਾਇ! ਮੋੜ ਨਾ ਮਾਏ

ਕਰ ਲੈ ਆਪਣੀ ਯਾਦ ਜਵਾਨੀ
ਮੇਰੀਆਂ ਖ਼ਾਹਸ਼ਾਂ ਤੋੜ ਨਾ, ਮਾਂ ਨੀ !
'ਸੀਤਲ' ਮਿਲਨ ਦੇ ਸਿੱਕਦੀਆਂ ਰੂਹਾਂ
ਜਾਣ ਦੇ ਮੈਨੂੰ, ਹੋੜ ਨਾ ਮਾਏ
ਜਾਂਦੀ ਨੂੰ, ਹਾਇ ! ਮੋੜ ਨਾ ਮਾਏ

੧੯-੩-੩੦

# ਪਿੱਪਲੀ ਪੀਂਘਾਂ ਪਾਉਨੀਆਂ

ਪਿਪਲੀਂ ਪੀਂਘਾਂ ਪਾਉਨੀਆਂ ਵੇ
ਥਰ ਥਰ ਕੰਬਦੇ ਡਾਲ ਵੇ ਮਾਹੀਆ
ਪੀਂਘ ਮੁੜੇ ਅਧਵਾਟਿਓਂ ਵੇ
ਖਹਿ ਖਹਿ ਚੋਟੀ ਨਾਲ ਵੇ ਮਾਹੀਆ

ਭਰੀ ਜਵਾਨੀ ਮੇਰੀ ਕਹਿਰ ਦੀ ਵੇ
ਡੁੱਲ੍ਹ ਡੁੱਲ੍ਹ ਪੈਂਦਾ ਨੂਰ ਵੇ ਮਾਹੀਆ
ਬਾਗ਼ੀਂ ਜਿਉਂ ਵਗਣ ਹਨੇਰੀਆਂ ਵੇ
ਝੜ ਝੜ ਪੈਂਦਾ ਬੂਰ ਵੇ ਮਾਹੀਆ

ਨੈਣ ਜੇ ਉਛਲਨ ਓਦਰੇ ਵੇ
ਖੁੱਲ੍ਹ ਪੈਂਦੀ ਬਰਸਾਤ ਵੇ ਮਾਹੀਆ
ਬਹਾਂ ਜੇ ਕੇਸ ਖਲਾਰ ਕੇ ਵੇ
ਲੋਕੀਂ ਸਮਝਣ ਰਾਤ ਵੇ ਮਾਹੀਆ

ਸਮਝ ਕੇ ਜ਼ੁਲਫ਼ਾਂ ਨਾਗਨਾਂ ਵੇ
ਜੋਗੀ ਕੀਲਣ ਆਉਣ ਵੇ ਮਾਹੀਆ
ਲਾਲੀ ਮੱਥੇ ਦੀ ਵੇਖ ਕੇ ਵੇ
ਚੰਦ, ਸੂਰਜ ਸ਼ਰਮਾਉਣ ਵੇ ਮਾਹੀਆ

ਨਹੁੰ ਲਾਹਿਆ ਸੀ ਚੀਚੀਓਂ ਵੇ
ਚਮਕਿਆ ਜਾ ਅਸਮਾਨ ਵੇ ਮਾਹੀਆ
ਚੰਦ ਸਮਝ ਕੇ ਦੂਜ ਦਾ ਵੇ
ਲੋਕੀਂ ਸੀਸ ਝੁਕਾਨ ਵੇ ਮਾਹੀਆ

ਮੁੱਖ 'ਤੇ ਮੁੜ੍ਹਕਾ ਆ ਜਾਵੇ ਵੇ
ਦੀਵੇ ਦੀ ਗਰਮੀ ਨਾਲ ਵੇ ਮਾਹੀਆ
ਬਣ ਕੇ ਤਾਰੇ ਅੰਬਰੀਂ ਵੇ
ਚਮਕਣ ਪਾਲੋ ਪਾਲ ਵੇ ਮਾਹੀਆ

ਢਕ ਢਕ ਰੱਖਦੀ ਰੂਪ ਨੂੰ ਵੇ
ਤੇਰੀ ਅਮਾਨਤ ਜਾਨ ਵੇ ਮਾਹੀਆ
ਡਰਦੀ ਘੁੰਡ ਨਾ ਖੋਲ੍ਹਦੀ ਵੇ
ਮਤ ਲੜ ਮਰੇ (ਇਹ) ਜਹਾਨ ਵੇ ਮਾਹੀਆ

ਦੋ [illegible] ਲਾਸਾਂ ਨੇ ਪੀਂਘ ਦੀਆਂ ਵੇ
ਵਿਚ ਇਕੱਲੜੀ ਜਾਨ ਵੇ ਮਾਹੀਆ
ਰਲ ਮਿਲ ਦੋਵੇਂ ਝੂਟੀਏ ਵੇ
ਦਿਲ ਦੇ ਕਢ ਅਰਮਾਨ ਵੇ ਮਾਹੀਆ

ਤਨ 'ਸੀਤਲ' ਮਨ ਠੰਢ ਪਵੇ ਵੇ
ਜੀਅ ਦੇ ਲਾਹਵਾਂ ਚਾਅ ਵੇ ਮਾਹੀਆ
ਆ ਮਿਲ ਸੱਧਰਾਂ ਲਾਹ ਲਈਏ ਵੇ
ਜਿੰਦੜੀ ਨਾ ਤਰਸਾ ਵੇ ਮਾਹੀਆ

੧੦-੭-੪੧

# ਨੱਚ ਕੇ ਵਿਖਾਵਾਂ ਚੰਨ ਵੇ !

ਤੈਨੂੰ ਨੱਚ ਕੇ ਵਿਖਾਵਾਂ ਚੰਨ ਵੇ !
ਬਾਗ਼ 'ਚ ਪੁਆ ਦੇ ਬੰਗਲਾ
ਇਕ ਮੋਕਲਾ ਦਲਾਨ ਛੱਤ ਕੇ
ਵਾੜ ਕਰ ਦੇ ਗੁਲਾਬ ਦੀ
ਫਿਰ ਵੇਖੀਂ ਕਿਤੇ ਲੁਕ ਛਿਪ ਕੇ
ਹੀਰ ਦਿੱਸ ਪਊ ਪੰਜਾਬੀ ਦੀ
ਕੇਈ ਰੂਪ ਪਲਟਾਵਾਂ ਚੰਨ ਵੇ
ਬਾਗ਼ 'ਚ ਪੁਆ ਦੇ ਬੰਗਲਾ
ਤੈਨੂੰ ਨੱਚ ਕੇ ਵਿਖਾਵਾਂ ਚੰਨ ਵੇ !

ਬਾਗ਼ 'ਚ ਪੁਆ ਦੇ ਬੰਗਲਾ
ਸ਼ੀਸ਼ੇ ਲਾ ਦੇ ਸ਼ਾਮਾਂ ! ਆਮ੍ਹੋ-ਸਾਮ੍ਹਣੇ
ਬਣ ਜੂੰ ਮੈਂ ਰਾਧਾਂ ਸੱਚ ਦੀ
ਸਖੀ ਤਿੰਨ ਸੌ ਤੇ ਸੱਠ ਵੇਖ ਲੀਂ
ਮੇਰੇ ਪਰਛਾਂਵੇਂ ਨੱਚਦੀ
ਕੱਲ੍ਹੀ ਰਾਸ਼ ਮੈਂ ਰਚਾਵਾਂ ਚੰਨ ਵੇ
ਬਾਗ਼ 'ਚ ਪੁਆ ਦੇ ਬੰਗਲਾ
ਤੈਨੂੰ ਨੱਚ ਕੇ ਵਿਖਾਵਾਂ ਚੰਨ ਵੇ !

ਬਾਗ਼ 'ਚ ਪੁਆ ਦੇ ਬੰਗਲਾ
ਇਕ ਮੋਰਨੀ ਦੇ ਰੰਗ ਵਰਗਾ
ਸੂਟ ਲੈ ਦੇ ਸੱਤ ਵੰਨੀਆਂ
ਵੇਖੀਂ, ਬੱਦਲ ਉਡਾਉਂਦੀ ਅੰਬਰੀਂ
ਲੀੜੇ ਦੀਆਂ ਕੱਸ ਕੰਨੀਆਂ

ਮੋਰਾਂ ਤਾਈਂ ਸ਼ਰਮਾਵਾਂ ਚੰਨ ਵੇ !
ਬਾਗ਼ 'ਚ ਪੁਆ ਦੇ ਬੰਗਲਾ
ਤੈਨੂੰ ਨੱਚ ਕੇ ਵਿਖਾਵਾਂ ਚੰਨ ਵੇ !
ਬਾਗ਼ 'ਚ ਪੁਆ ਦੇ ਬੰਗਲਾ

ਮੇਰੀ ਝਾਂਜਰ ਦੀ ਵਾਜ ਸੁਣ ਕੇ
ਪ੍ਰੇਮ ਮਸਤਾਨਾ ਹੋ ਜੈ ਗਾ
ਨਸ਼ਾ ਪ੍ਰੀਤ ਦਾ ਦੁਵੱਲਾ ਸੱਜਣਾ !
ਰੂਪ ਵੀ ਦੀਵਾਨਾ ਹੋ ਜੈ ਗਾ

ਨੈਣਾਂ ਵਿਚੋਂ ਮੈਂ ਪਿਆਵਾਂ ਚੰਨ ਵੇ !
ਬਾਗ਼ 'ਚ ਪੁਆ ਦੇ ਬੰਗਲਾ
ਤੈਨੂੰ ਨੱਚ ਕੇ ਵਿਖਾਵਾਂ ਚੰਨ ਵੇ !
ਬਾਗ਼ 'ਚ ਪੁਆ ਦੇ ਬੰਗਲਾ

ਕੋਈ ਮਿੱਠਾ ਮਿੱਠਾ ਬੋਲ ਬੋਲ ਵੇ
'ਸੀਤਲ' ਦੇ ਗੀਤ ਵਰਗਾ
ਤੈਨੂੰ ਨਾਟਕ ਵਿਖਾਵਾਂ ਖੇਡ ਕੇ
ਸੋਹਣੀ ਦੀ ਪਰੀਤ ਵਰਗਾ

ਜਾਨ ਲਹਿਰਾਂ ਵਿਚ ਪਾਵਾਂ ਚੰਨ ਵੇ
ਬਾਗ਼ 'ਚ ਪੁਆ ਦੇ ਬੰਗਲਾ
ਤੈਨੂੰ ਨੱਚ ਕੇ ਵਿਖਾਵਾਂ ਚੰਨ ਵੇ !
ਬਾਗ਼ 'ਚ ਪੁਆ ਦੇ ਬੰਗਲਾ

੨੯-੨-੫੬

# ਠੰਢੀ ਵਗਦੀ ਪੁਰੇ ਦੀ ਵਾ

ਠੰਢੀ ਵਗਦੀ ਪੁਰੇ ਦੀ ਵਾ
ਸਾਡੇ ਖੇਤ ਵੱਲ ਹਾਣੀਆਂ ! ਆ
ਵੇ ਮੈਂ ਝੋਨੇ ਦੀ ਪਨੀਰੀ ਪਈ ਲਾਨੀ ਆਂ
ਟੁੱਟੀ ਪ੍ਰੀਤ ਨੂੰ ਦੁਬਾਰਾ ਗੰਢ ਪਾਨੀ ਆਂ
ਕਿਤੇ ਜਾਵੇ ਨਾ ਪਿਆਰ ਕੁਮਲਾ
ਠੰਢੀ ਵਗਦੀ ਪੁਰੇ ਦੀ ਵਾ
ਸਾਡੇ ਖੇਤ ਵੱਲ ਹਾਣੀਆਂ ! ਆ
ਬੂਟੇ ਪੁਟੇ ਹੋਏ ਫੇਰ ਫੁਟ ਆਣ ਗੇ
ਫੱਟ ਦਿਲ ਦੇ ਵੀ 'ਓਵੇਂ' ਮਿਲ ਜਾਣ ਗੇ
'ਕੇਰਾਂ ਪਾਣੀ ਤੂੰ ਮਿਲਾਪ ਦਾ ਪਾ
ਠੰਢੀ ਵਗਦੀ ਪੁਰੇ ਦੀ ਵਾ
ਸਾਡੇ ਖੇਤ ਵੱਲ ਹਾਣੀਆਂ ! ਆ
ਮੇਰੇ ਝੋਨੇ ਨੂੰ ਪਵੇਗਾ ਜਦ ਬੂਰ ਵੇ
ਹੋ ਜੂ ਸਾਰਾ ਈ ਜਰਾਨ ਨੂਰੋ ਨੂਰ ਵੇ
ਉਡ ਜਾਇਗੀ ਉਦਾਸੀ ਖੰਭ ਲਾ
ਠੰਢੀ ਵਗਦੀ ਪੁਰੇ ਦੀ ਵਾ
ਸਾਡੇ ਖੇਤ ਵੱਲ ਹਾਣੀਆਂ ! ਆ
ਅਣ-ਮਾਣਿਆਂ ਗੁਲਾਬ ਜੇਹਾ ਰੰਗ ਵੇ
ਆ ਜਾ ਭੌਰ ਬਣ,ਹਾਣੀਆਂ ! ਨਾ ਸੰਗ ਵੇ
ਪੈਣ ਉਛਲ ਉਛਲ ਮੇਰੇ ਚਾ
ਠੰਢੀ ਵਗਦੀ ਪੁਰੇ ਦੀ ਵਾ
ਸਾਡੇ ਖੇਤ ਵੱਲ ਹਾਣੀਆਂ ! ਆ

੨੩-੮-੫੩

# ਕੰਮ ਕਰਨ ਦਾ ਚਾ

ਕੰਮ ਕਰਨ ਦਾ ਚੱਾ
ਮੇਰੇ ਮਨ ਕੰਮ ਕਰਨ ਦਾ ਚੱਾ
ਕੰਮ ਕਰਨ ਨਾਲ ਦੇਸ ਕੌਮ ਦੀ ਬਦਲ ਜਾਏ ਤਸਵੀਰ
ਕੰਮ ਕਰਨ ਨਾਲ ਵਿਗੜੀ ਹੋਈ ਬਣ ਜਾਏ ਤਕਦੀਰ
ਸਦੀਆਂ ਦੀ ਰੁਸੀ ਹੋਈ ਕਿਸਮਤ
ਕਦਮੀਂ ਝੁਕਦੀ ਆ
ਕੰਮ ਕਰਨ ਦਾ ਚਾ, ਮੇਰੇ ਮਨ ਕੰਮ ਕਰਨ ਦਾ ਚਾ
ਨਿਘਰੇ ਹੋਏ ਦੇਸ, ਕਾਮਿਆਂ ਬਾਂਹੋਂ ਪਕੜ ਉਠਾਏ
ਕੌਮਾਂ ਦੇ ਢੱਠੇ ਹੋਏ ਮੰਦਰ ਮੁੜ ਕੇ ਫੇਰ ਬਣਾਏ
ਡਿੱਗੀ ਹੋਈ ਕੌਮ, ਤਖ਼ਤ 'ਤੇ
ਕਾਮੇ ਦੇਣ ਬਿਠਾ
ਕੰਮ ਕਰਨ ਦਾ ਚਾ, ਮੇਰੇ ਮਨ ਕੰਮ ਕਰਨ ਦਾ ਕਾ
ਐ ਭਾਰਤੀਓ ! ਭਾਰਤ ਦੀ ਜੇ ਸ਼ਾਨ ਬਨਾਉਣੀ ਚਾਹੋ
ਲੋੜਾਂ ਹੱਥੋਂ, ਜੇ ਲੋਕਾਂ ਤੋਂ ਜਾਨ ਛੁਡਾਉਣੀ ਚਾਹੋ
ਕੰਮ ਕਰਨ ਦਾ ਜਨਤਾ ਅੰਦਰ
ਪੈਦਾ ਕਰੋ ਸੁਭੱਾ
ਕੰਮ ਕਰਨ ਦਾ ਚਾ, ਮੇਰੇ ਮਨ ਕੰਮ ਕਰਨ ਦਾ ਚਾ
ਐਪਰ ਇਕ ਗੱਲ ਦਾ, ਬਲਵਾਨੋ ! ਰੱਖਣਾ ਪਊ ਧਿਆਨ
ਆਪਣੀ ਮਰਜ਼ੀ ਦਾ ਰਚਣਾ ਪਊ ਸਾਂਝਾ ਨਵਾਂ ਜਹਾਨ
ਜਿੱਥੇ ਕਿਰਤ ਕਿਸੇ ਕਾਮੇ ਦੀ
ਵਿਹਲੜ ਜਾਣ ਨਾ ਖਾ
ਕੰਮ ਕਰਨ ਦਾ ਚਾ, ਮੇਰੇ ਮਨ ਕੰਮ ਕਰਨ ਦਾ ਚਾ

੫-੪-੫੧

# ਸੋਹਣਾ ਦੇਸ ਪੰਜਾਬ

ਸੋਹਣਾ ਦੇਸ ਪੰਜਾਬ ਪਿਆਰਾ

ਪੰਜੇ ਵਾਂਗੂ ਪੰਜੇ ਨਦੀਆਂ
ਇਹਦੇ ਖੇਤਾਂ ਦੇ ਵਿਚ ਵਗੀਆਂ
ਦੋ ਪਾਸੀਂ ਪਹਿਰੇ 'ਤੇ ਪਰਬਤ

ਇਕ ਪਾਸੇ ਜਮਨਾ ਦੀ ਧਾਰਾ
ਸੋਹਣਾ ਦੇਸ ਪੰਜਾਬ ਪਿਆਰਾ

ਸੋਹਣੇ ਜੰਗਲ, ਸੋਹਣੀਆਂ ਬਾਰਾਂ
ਨਹਿਰਾਂ 'ਤੇ ਖਿੜੀਆਂ ਗੁਲਜ਼ਾਰਾਂ
ਕਣਕਾਂ ਅਤੇ ਕਪਾਹਾਂ ਇਹਦੀਆਂ

ਤਕ ਤਕ ਕੇ ਤਰਸੇ ਜੱਗ ਸਾਰਾ
ਸੋਹਣਾ ਦੇਸ ਪੰਜਾਬ ਪਿਆਰਾ

ਹਰੀਆਂ ਭਰੀਆਂ ਇਸਦੀਆਂ ਜੂਹਾਂ
ਰੌਣਕਾਂ ਲਾਈ ਥਾਂ ਥਾਂ ਖੂਹਾਂ
ਸੋਹਣੇ ਗਭਰੂ, ਬਾਂਕੀਆਂ ਕੁੜੀਆਂ

ਰਲ ਮਿਲ ਖੇਡੇ ਹੁਸਨ ਕੁਆਰਾ
ਸੋਹਣਾ ਦੇਸ ਪੰਜਾਬ ਪਿਆਰਾ

੧-੫-੪੧

# ਜਾਗ ਵਤਨ ਦੇ ਲਾਲ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਡਾਕ: ਫਿਲੌਰ (ਜਲੰਧਰ)

ਜਾਗ ਵਤਨ ਦੇ ਲਾਲ
ਉਠ ਕੇ ਸੁਰਤ ਸੰਭਾਲ

ਤਕ ਤਕ ਕੇ ਦਿਲ ਘਟਦਾ ਮੇਰਾ
ਕਿਉਂ ਨਹੀਂ ਦਸਦਾ ? ਸੁੱਤਿਆ ਸ਼ੇਰਾ
ਕੀ ਵਰਤੀ ਤੁਧ ਨਾਲ
ਜਾਗ ਵਤਨ ਦੇ ਲਾਲ
ਉਠ ਕੇ ਸੁਰਤ ਸੰਭਾਲ

ਛਾਤੀ ਤੇਰੀ ਲੀਰਾਂ ਲੀਰਾਂ
ਪੁਰ ਪੁਰ ਵਿੱਧਾ ਏਂ ਸੰਗ ਤੀਰਾਂ
ਵਗਣ ਲਹੂ ਦੇ ਖਾਲ
ਜਾਗ ਵਤਨ ਦੇ ਲਾਲ
ਉਠ ਕੇ ਸੁਰਤ ਸੰਭਾਲ

ਤੂੰ ਤਾਂ ਸੌਂ ਗਿਓਂ ਮੌਤ ਬਹਾਨੇ
ਦੇਸ ਤੇਰਾ ਮੱਲ ਲਿਆ ਬਿਗਾਨੇ
ਪੰਛੀ ਫਾਹ ਲਏ ਜਾਲ
ਜਾਗ ਵਤਨ ਦੇ ਲਾਲ
ਉਠ ਕੇ ਸੁਰਤ ਸੰਭਾਲ

ਰਣ ਵਿਚ ਤੇਰੀਆਂ ਤੇਗਾਂ ਵਾਹੀਆਂ
'ਸੀਤਲ' ਕੰਮ ਕਿਸੇ ਨਾ ਆਈਆਂ
ਗਈ ਅਞਾਈਂ ਘਾਲ
ਜਾਗ ਵਤਨ ਦੇ ਲਾਲ
ਉਠ ਕੇ ਸੁਰਤ ਸੰਭਾਲ

੧੦-੧-੪੧

# ਅੱਖੀਓ ਨੀ !

ਅੱਖੀਓ ਨੀ ! ਕਿਤੇ ਹਾਰ ਨਾ ਜਾਇਓ
ਅੱਜ ਮੈਂ ਕਟਕ ਹੁਸਨ ਦਾ ਲੈ ਕੇ
ਵੈਰੀ ਉਤੇ ਚੜ੍ਹਨਾ ਏਂ
ਤੋਪਾਂ ਤੇ ਤਲਵਾਰਾਂ ਸਾਹਵੇਂ
ਬਿਨ ਹਥਿਆਰੋਂ ਲੜਨਾ ਏਂ
ਹੋ ਹੁਸ਼ਿਆਰ ਰਿਹੋ ਜੇ ਅੜੀਓ !
ਤੀਰ ਨਿਗ੍ਹਾ ਦੇ ਕੱਸ ਕੱਸ ਲਾਇਓ
ਅੱਖੀਓ ਨੀ ! ਕਿਤੇ ਹਾਰ ਨਾ ਜਾਇਓ

ਕਾਲੀ ਰਾਤ ਕੇਸਾਂ ਦੀ ਅੰਦਰ
ਰਾਹ ਭੁੱਲ ਜਾਸਨ ਰਾਹੀਆਂ ਨੀ
ਉਡਦੇ ਪੰਛੀ ਡੇਗ ਲਵਾਂਗੀ
ਪਾ ਜ਼ੁਲਫ਼ਾਂ ਦੀਆਂ ਫਾਹੀਆਂ ਨੀ
ਖੋਹ ਕੇ ਖੰਭ ਆਜ਼ਾਦ ਪੰਖੇਰੂ
ਪ੍ਰੀਤ ਦੇ ਪਿੰਜਰੇ ਦੇ ਵਿਚ ਪਾਇਓ
ਅੱਖੀਓ ਨੀ ! ਕਿਤੇ ਹਾਰ ਨਾ ਜਾਇਓ

ਹੁਸਨ ਦੀ ਸ਼ਾਨ ਵਿਖਾਉਣ ਖ਼ਾਤਰ
ਦੋ ਦੀਵੇ ਰੱਬ ਬਾਲੇ ਨੇ
ਆਸ਼ਕ ਸੜਨ ਪਤੰਗੇ ਬਣ ਬਣ
ਵੈਰੀ ਵੀ ਮਤਵਾਲੇ ਨੇ
ਇਕ ਦਿਲ ਦਾ ਅੱਜ ਸੌਦਾ ਕਰਨਾ
ਮਹਿੰਗਾ ਸਸਤਾ ਲੈ ਘਰ ਆਇਓ
ਅੱਖੀਓ ਨੀ ! ਕਿਤੇ ਹਾਰ ਨਾ ਜਾਇਓ

੧-੧-੩੧

# ਆ ਜੋਬਨ ਦੇ ਵਣਜਾਰੇ

ਆ ਜੋਬਨ ਦੇ ਵਣਜਾਰੇ !
ਮੈਂ ਜੋਬਨ ਵਿਕਣਾ ਲਾਇਆ
ਚੰਦ ਜੋਬਨ ਦਮਕਾਂ ਮਾਰੇ
ਮੇਰੇ ਨੈਣ ਡਲ੍ਹਕਦੇ ਤਾਰੇ
ਆ ਵੇਖ ਚਕੋਰ ਪਿਆਰੇ
ਕਿਸ ਖ਼ਾਤਰ ਹੁਸਨ ਲੁਟਾਇਆ
ਆ ਜੋਬਨ ਦੇ ਵਣਜਾਰੇ !
ਮੈਂ ਜੋਬਨ ਵਿਕਣਾ ਲਾਇਆ
ਮੈਂ ਫੁੱਲ ਬਣ ਖਿੜ ਖਿੜ ਹੱਸਾਂ
ਲੱਗ ਆਸ ਦੀ ਡਾਲੀ ਵੱਸਾਂ
ਤੂੰ ਆ ਭੰਵਰੇ ਮਤਵਾਲੇ
ਮੈਂ ਦਿਲ ਦਾ ਪਲੰਘ ਵਿਛਾਇਆ
ਆ ਜੋਬਨ ਦੇ ਵਣਜਾਰੇ
ਮੈਂ ਜੋਬਨ ਵਿਕਣਾ ਲਾਇਆ
ਮੇਰੀ ਵਹਿੰਦੀ ਨੈਂ ਜ਼ਿੰਦਗਾਨੀ
ਮਸਤੀ ਦੀ ਲਹਿਰ ਜਵਾਨੀ
ਮੈਂ ਪ੍ਰੇਮ ਦੀ ਬੇੜੀ ਤਾਰਾਂ
ਤੂੰ ਕਿਉਂ ਸੱਜਣਾਂ ! ਚਿਰ ਲਾਇਆ
ਆ ਜੋਬਨ ਦੇ ਵਣਜਾਰੇ
ਮੈਂ ਜੋਬਨ ਵਿਕਣਾ ਲਾਇਆ

੧੦-੧-੪੧

# ਗੀਤ ਮੇਰੇ ਰੋਕੇ ਨਹੀਂ ਰਹਿੰਦੇ

ਗੀਤ ਮੇਰੇ ਰੋਕੇ ਨਹੀਂ ਰਹਿੰਦੇ
ਪਰ ਸੁਣਨੇ ਵਾਲੇ ਕੋਲ ਨਹੀਂ
ਜਿੰਨਾ ਚਿਰ ਸਨ ਗੀਤ ਕੁਆਰੇ
ਥਪਕ ਸੁਆ ਲੈਂਦੀ ਸਾਂ ਪਿਆਰੇ
ਹੋ ਗਏ ਸ਼ੋਖ਼ ਜਦੋਂ ਦੇ ਵਿਆਹੇ
ਨਹੀਂ ਹੁਣ ਪਹਿਲਾਂ ਜਹੇ ਅਭੋਲ
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ ਸੁਣਨੇ ਵਾਲੇ ਨਹੀਂ ਕੋਲ
ਦਿਲ 'ਤੇ ਰੱਖ ਲੱਜਿਆ ਦਾ ਦਾਬੂ
ਗੀਤਾਂ ਨੂੰ ਲਖ ਰੱਖਾਂ ਕਾਬੂ
ਮੀਟੀਆਂ ਬੁੱਲ੍ਹੀਆਂ 'ਤੇ 'ਊਂ-ਊਂ' ਕਰ
ਕੰਨਾਂ ਦੇ ਵਿਚ ਪੈਂਦੇ ਬੋਲ
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ ਸੁਣਨੇ ਵਾਲੇ ਨਹੀਂ ਕੋਲ
ਨਾ ਸਾਵਣ, ਨਾ ਬਾਗ਼-ਬਹਾਰਾਂ
ਕੋਇਲ ਪਪੀਹੇ ਸੁਣਾ ਹਜ਼ਾਰਾਂ
ਲੱਖ ਤਰਬਾਂ ਮਨ ਅੰਦਰ ਗੂੰਜਣ
ਰੀਝਾਂ ਦੇ ਵਿਚ ਹੋਵੇ ਘੋਲ
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ ਸੁਣਨੇ ਵਾਲੇ ਨਹੀਂ ਕੋਲ
ਦੂਰ ਅੱਖਾਂ ਤੋਂ ਦਿਲ ਵਿਚ ਵਸਦੇ
ਰੋਂਦੀ ਨੂੰ ਤਕ ਤਕ ਕੇ ਹਸਦੇ
ਏਸਤਰ੍ਹਾਂ ਜੇ ਆਪ ਕਰਨ ਉਹ
ਕੀਕਰ ਜਿਉੜਾ ਰਹੇ ਅਡੋਲ
ਗੀਤ ਮੇਰੇ ਰੋਕੇ ਨਹੀਂ ਰਹਿੰਦੇ, ਪਰ ਸੁਣਨੇ ਵਾਲੇ ਨਹੀਂ ਕੋਲ

੬-੩-੫੧

# ਇਕ ਵਾਰੀ ਰੁੱਸ ਮਿੱਤਰਾ !

ਇਕ ਵਾਰੀ ਰੁਸ ਮਿੱਤਰਾ !
ਤੈਨੂੰ ਸਗਨਾਂ ਨਾਲ ਮਨਾਵਾਂ
ਸੁਣਦੀ ਸਹੇਲੀਆਂ ਤੋਂ, ਕਿਵੇਂ ਰੁੱਸਦੇ ਉਨ੍ਹਾਂ ਦੇ ਲਾੜੇ ?
ਰੱਬ ਕਿਵੇਂ ਮੁੱਖ ਮੋੜਦਾ, ਕਿਵੇਂ ਕੱਢਦੀ ਜਵਾਨੀ ਹਾੜੇ ?
ਗਲ ਵਿਚ ਪੈਂਦੀਆਂ ਨੇ, ਕਿਵੇਂ ਰੁੱਸ ਕੇ ਮੰਨੀਆਂ ਬਾਂਹਵਾਂ ?
ਇਕ ਵਾਰੀ ਰੁਸ ਮਿੱਤਰਾ !
ਤੈਨੂੰ ਸਗਨਾਂ ਨਾਲ ਮਨਾਵਾਂ
ਰਾਸ ਵਿਚ ਕਾਹਨ ਵੇਖਿਆ, ਕੰਡ ਕਰ ਸਖੀਆਂ ਵੱਲ ਬਹਿੰਦਾ
ਰੁੱਸਿਆ ਹਾਸਿਆਂ ਤੋਂ, ਅੰਤ ਮੰਨ ਹੰਝੂਆਂ 'ਤੇ ਪੈਂਦਾ
ਬਣ ਤੂੰ ਕਨ੍ਹਈਯਾ ਸੱਜਣਾ ! ਮੈਂ ਰਾਧਾਂ ਬਣ ਕੇ ਆਵਾਂ
ਇਕ ਵਾਰੀ ਰੁੱਸ ਮਿੱਤਰਾ !
ਤੈਨੂੰ ਸਗਨਾਂ ਨਾਲ ਮਨਾਵਾਂ
ਬਹੁ ਪਲ ਮੂੰਹ ਵੱਟ ਕੇ, ਤੇਰੀ ਚੁੱਪ ਤੋਂ ਗੀਤ ਲੱਖ ਵਾਰਾਂ
ਜੋਤਾਂ ਚਾਰ-ਮੁਖੀਆਂ, ਰੱਖ ਥਾਲ ਵਿਚ ਆਰਤੀ ਉਤਾਰਾਂ
ਮਹਿੰਦੀ ਰੰਗੇ ਹੱਥ ਜੋੜ ਕੇ, ਵੇ ਮੈਂ ਫੁੱਲਾਂ ਵਿਚ ਅੱਗ ਨੂੰ ਲੁਕਾਵਾਂ
ਇਕ ਵਾਰੀ ਰੁੱਸ ਮਿੱਤਰਾ !
ਤੈਨੂੰ ਸਗਨਾਂ ਨਾਲ ਮਨਾਵਾਂ
ਸੱਧਰਾਂ ਸਿਸਕਦੀਆਂ, ਮੇਰੇ ਤਰਲੇ ਲੈਣ ਤਰਸੇਵੇਂ
ਰੁਸ ਕੇ ਮੰਨ ਬਹਿਣ ਦਾ, ਨਾ ਚਾ ਹਿੱਕੜੀ ਵਿਚ ਮੇਵੇਂ
ਭਗਤਾਂ ਨੇ ਜਾਣਾ ਮਰ ਕੇ, ਮੈਂ ਜਿਉਂਦੀ ਸੁਰਗ ਨੂੰ ਜਾਵਾਂ
ਇਕ ਵਾਰੀ ਰੁਸ ਮਿੱਤਰਾ !
ਤੈਨੂੰ ਸਗਨਾਂ ਨਾਲ ਮਨਾਵਾਂ

੧੪-੧-੫੬

# ਮੇਰਾ ਉਹਦੇ ਨਾਲ ਪੈ ਗਿਆ ਪਿਆਰ

ਮੇਰਾ ਵੈਰੀ, ਜੀਹਦਾ ਸਾਰਾ ਪਰਵਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

ਕੁੜੇ ! ਕਿੱਥੇ ਲੱਗ ਗਈਆਂ ਵੇਖੋ ਅੱਖੀਆਂ
ਹਾਰ ਥੱਕੀਆਂ; ਨਾ ਰਹੀਆਂ ਰੋਕ ਰੱਖੀਆਂ

ਜਿੱਥੇ ਜਾਣ ਨਾ ਪਛਾਣ, ਨਾ ਵਿਹਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

ਬੁੱਢੀ ਸੱਸ, ਮੇਰੇ ਬਾਪੂ ਜੀ ਦੇ ਹਾਣ ਦੀ
ਮੈਨੂੰ ਨੌਕਰਾਂ ਦੇ ਤੁੱਲ ਵੀ ਨਾ ਜਾਣਦੀ

ਉਹਦੇ ਪੁੱਤ ਕੋਲ ਦਿਲ ਬੈਠੀ ਹਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

ਲੋਹੜੇ-ਪਿੱਟੀ ਇਕ ਛੋਟੀ ਜਹੀ ਨਨਾਣ ਨੀ
ਮੈਨੂੰ ਗੱਲ ਗੱਲ ਉਤੇ ਆਵੇ ਖਾਣ ਨੀ

ਉਹਦੇ ਵੀਰ ਨਾਲ ਹੋ ਗਏ ਇਕਰਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

ਮੱਥਾ-ਸੜੀ ਫਫੇਕੁੱਟਣੀ ਜਠਾਣੀ ਨੀ
ਸੜੇ ਹਸਦਿਆਂ ਨੂੰ ਵੇਖ ਵੀਰਾਂ-ਖਾਣੀ ਨੀ

ਉਹਦਾ ਦਿਉਰ ਸਾਰੇ ਪਿੰਡ ਦਾ ਸ਼ੰਗਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

ਦੱਸਾਂ ਗਿਣ ਕੇ ਤੁਹਾਨੂੰ ਕਿਹੜਾ ਕਿਹੜਾ ਨੀ
ਵੈਰ ਪਿਆ ਮੇਰੇ, ਕੀਕਣਾਂ ਦਾ ਵਿਹੜਾ ਨੀ
ਇਕ ਓਹਾ ਵਿਚ ਕਾਹਨ ਅਵਤਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

ਤਨ 'ਸੀਤਲ' ਠਰਨ ਵੇਖ ਨੈਣ ਨੀ
ਹੋਵੇ ਅੱਖੀਆਂ ਤੋਂ ਉਹਲੇ, ਡੋਬ ਪੈਣ ਨੀ
ਬੋਲੇ ਹੱਸ, ਹੋ ਜੈ ਰੱਬ ਦਾ ਦੀਦਾਰ ਨੀ
ਮੇਰਾ ਉਹਦੇ ਨਾਲ ਪੈ ਗਿਆ ਪਿਆਰ ਨੀ

੧੭-੨-੫੬

# ਮੈਂ ਨਹੀਂ ਅੱਜ ਘੁੰਡ ਕਢਦੀ

ਕਾਹਨੂੰ ਡਰਦਾ ਏਂ ਮੱਸਿਆ ਦੀ ਰਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ

ਚੱਲ ਚੱਲੀਏ ਚੇਤ ਦੀ ਚੌਦੇਂ
ਚੋਰੀ ਤੇਰੇ ਬੇਲੀਆਂ ਤੋਂ
ਜਿਵੇਂ ਸੁੱਖੀਆਂ ਮੈਂ ਪੰਜ ਪਰਦਖਣਾ
ਲੁਕ ਕੇ ਸਹੇਲੀਆਂ ਤੋਂ
ਲੋਅ ਹੋ ਜੂ ਓਥੇ ਪਹਿਲਾਂ ਪਰਭਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ
ਕਾਹਨੂੰ ਡਰਦਾ ਏਂ ਮੱਸਿਆ ਦੀ ਰਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ

ਛਾ ਜਾਇਗੀ ਉਦਾਸੀ ਵਾਂਗ ਪੁੰਨਿਆਂ
ਅੰਬਰ ਦੇ ਤਾਰਿਆਂ 'ਤੇ
ਜੋਤਾਂ ਜਾਣ ਕੇ, ਪਤੰਗ ਭੁੱਲ ਜਾਣ ਗੇ
ਚੁੰਨੀ ਦੇ ਸਤਾਰਿਆਂ 'ਤੇ
ਰੂਪ ਘੱਟ ਨਹੀਂਗਾ ਹੁੰਦਾ ਕਰਾਮਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ
ਕਾਹਨੂੰ ਡਰਦਾ ਏਂ ਮੱਸਿਆ ਦੀ ਰਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ

ਛੂਹ ਕੇ ਪੈਰ ਸੰਤਾਂ ਦੇ ਵੇਖਣੈਂ
ਕਿੰਨੇ-ਕੁ ਪੁਜਾਰੀ ਰੱਬ ਦੇ ?
ਨਾਲੇ ਕਿੰਨੀਆਂ-ਕੁ ਪੱਕੀਆਂ ਸਮਾਧੀਆਂ
ਮਾਲਾ ਵਿਚੋਂ ਕੀਹਨੂੰ ਲੱਭਦੇ ?

ਮੂਸਾ ਡੋਲ ਜਾਵੇ ਭਾਵੇਂ ਪਹਿਲੀ ਝਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ
ਕਾਹਨੂੰ ਡਰਦਾ ਏਂ ਮੱਸਿਆ ਦੀ ਰਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ

ਛੱਬਾ ਸੁੱਖਣੈਂ ਗੁਰਾਂ ਦੇ ਡੇਰੇ
ਨਾਲੇ ਦੇਗ ਸਵਾ-ਸੱਤ ਦੀ
ਛੋਟਾ ਕੜਾ, ਕੁਛ ਬਾਜੀਆਂ ਲਿਆਉਣੀਐਂ
ਸੀਸ਼ੀ 'ਬਾਲ ਅੰਮ੍ਰਿਤ' ਦੀ

ਕਿਉਂ ? ਹੋ ਗਿਆ ਏਂ ਖ਼ੁਸ਼ ਗੁੱਝੀ ਬਾਤ ਤੋਂ ?
ਮੈਂ ਨਹੀਂ ਅੱਜ ਘੁੰਡ ਕਢਦੀ
ਕਾਹਨੂੰ ਡਰਦਾ ਏਂ ਮੱਸਿਆ ਦੀ ਰਾਤ ਤੋਂ
ਮੈਂ ਨਹੀਂ ਅੱਜ ਘੁੰਡ ਕਢਦੀ

੧੧-੪-੫੬

# ਗੁੱਡੀ ਦਾ ਮੁਕਲਾਵਾ

ਮੇਰੀ ਗੁੱਡੀ ਦਾ ਸੁਆ ਦੇ ਮਾਏ ਘੱਗਰਾ
ਮੈਂ ਇਹਦਾ ਮੁਕਲਾਵਾ ਤੋਰਨਾ

ਕੀ ਕਹੇਗਾ ਜਹਾਨ ? ਕਿਵੇਂ ਫੱਬੇਗਾ ?
ਨੀ ਦੌਣੀ ਬਿਨਾਂ ਟਿੱਕਾ ਸੱਖਣਾ
ਨੱਕ ਰਹੂਗਾ ! ਬੂਹੇ ਤੋਂ ਜਦ ਤੋਰੇਂਗਾ,
ਨੀ, ਲੌਂਗ ਪਾ ਕੇ ਮਛਲੀ ਬਿਨਾਂ
ਕਿਵੇਂ ਲੰਘੇਗੀ ਗਲੀ 'ਚੋਂ ਅੱਡੀ ਮਾਰ ਕੇ
ਨੀ ਬਾਂਕਾਂ ਨੂੰ ਲੁਆਏ ਬੋਰ ਨਾ

ਮੇਰੀ ਗੁੱਡੀ ਦਾ ਸੁਆ ਦੇ ਮਾਏ ਘੱਗਰਾ
ਮੈਂ ਇਹਦਾ ਮੁਕਲਾਵਾ ਤੋਰਨਾ

ਸਾਡੇ ਪਿੰਡ ਕੋਈ ਨਾ ਡੂਬ ਜਾਣਾ ਮਾਂਦਰੀ
ਮੈਂ ਤਾਹੀਓਂ ਇਹਦੀ ਗੁੱਤ ਨਾ ਕਰਾਂ
ਹਾਸੇ ਭਾਣੇ ਈਂ ਕਿਸੇ ਨੂੰ ਡੰਗ ਮਾਰਦੇ
ਬਿਗਾਨਾ ਪੁੱਤ ਕਿੱਥੋਂ ਮੈਂ ਭਰਾਂ
ਪੱਕਾ ਰੇਸ਼ਮੀ ਪਰਾਂਦਾ ਮੰਗਵਾ ਦਿਓ
ਨੀ ਏਥੇ ਤਗੇ ਕੱਚੀ ਡੋਰ ਨਾ

ਮੇਰੀ ਗੁੱਡੀ ਦਾ ਸੁਆ ਦੇ ਮਾਏ ਘੱਗਰਾ
ਮੈਂ ਇਹਦਾ ਮੁਕਲਾਵਾ ਤੋਰਨਾ

ਇਹਦੀ ਉਭਰੀ ਜਵਾਨੀ ਵੱਲ ਵੇਖ ਕੇ
ਮੈਂ ਲੱਜ ਮਾਰੀ ਨੀਂਵੀਂ ਪਾ ਲਵਾਂ
ਉੱਤੋਂ ਚੱਲ ਪਈਆਂ ਜਾਲੀ ਦੀਆਂ ਚੁੰਨੀਆਂ
ਮੈਂ ਕਿੱਥੇ ਜੋਬਨ ਲੁਕਾ ਲਵਾਂ
ਇਹਨੂੰ ਅੰਗੀ ਨਹੀਂਉਂ ਆਉਂਦੀ ਪਰ ਸਾਲ ਦੀ
ਤੇ ਸਾਥੋਂ ਹੁਣ ਪੁੱਜੇ ਹੋਰ ਨਾ
ਮੇਰੀ ਗੁੱਡੀ ਦਾ ਸੂਆ ਦੇ ਮਾਏ ਘੱਗਰਾ
ਮੈਂ ਇਹਦਾ ਮੁਕਲਾਵਾ ਤੋਰਨਾ

ਚੁੱਕ ਲੋਕਾਂ ਦੇ ਅੰਞਾਣੇ ਦੇਵੇ ਲੋਰੀਆਂ
ਸੁਝਾਵੇ ਮੈਨੂੰ ਵਲ ਵਲ ਨਾ
ਚਾਲੇ ਵੇਖ ਇਹਦੇ ਵਿਚੇ ਵਿਚ ਝੂਰਦੀ
ਮੈਂ ਕਿਸੇ ਅੱਗੇ ਕਰਾਂ ਗੱਲ ਨਾ
ਗੁੱਡਾ ਆਲੇ ਵਿਚ ਬੈਠਾ ਮਾਰੇ ਸੈਨਤਾਂ
ਨੀ ਪੇਕੇ ਘਰ ਚੱਲੇ ਜ਼ੋਰ ਨਾ
ਮੇਰੀ ਗੁੱਡੀ ਦਾ ਸੂਆ ਦੇ ਮਾਏ ਘੱਗਰਾ
ਮੈਂ ਇਹਦਾ ਮੁਕਲਾਵਾ ਤੋਰਨਾ

੩-੬-੫੬

# ਲਗਦੀ ਜਵਾਨੀ ਭਾਰੀ

(ਬੋੱਲੀ

ਵੀਰ ਨਣਦ ਦਾ ਛੱਡ ਕੇ ਤੁਰ ਗਿਆ
ਫੇਰ ਬ੍ਰਿਹੋਂ ਦੀ ਆਰੀ
ਇਹ ਤਲੀਆਂ ਦੀ ਮਹਿੰਦੀ ਰਾਂਗਲੀ
ਜਿਉਂ ਮਘਦੀ ਅੰਗਿਆਰੀ
ਦਿਲ ਦੇ ਵਿਚ ਅਣ-ਪੁੱਜੀਆਂ ਰੀਝਾਂ
ਨਾਗਾਂ ਭਰੀ ਪਟਾਰੀ
ਭਖਦੇ ਅੰਗਿਆਰਾਂ ਜਿਉਂ ਸਾੜੇ
ਸਿਰ ਦੀ ਇਹ ਫੁੱਲਕਾਰੀ
ਖਿੜ ਖਿੜ ਹੱਸਦੀ ਦੁਨੀਆਂ ਸਾਨੂੰ
ਸੁੰਞੀ ਜਾਪੇ ਸਾਰੀ
ਬਾਝ ਪਿਆਰੇ ਦੇ
ਲਗਦੀ ਜਵਾਨੀ ਭਾਰੀ
ਬਾਝ ਪਿਆਰੇ ਦੇ

੨-੧੦-੫੦

# ਇਕ ਤੇਰੀ ਜਿੰਦ ਬਦਲੇ

( ਬੋੱਲੀ )

ਵੀਰ ਛੱਡੇ, ਭਰਜਾਈਆਂ ਛੱਡੀਆਂ
ਹੱਸ ਹੱਸ ਚੜ੍ਹੀਆਂ ਡੋਲੀ
ਮਾਂ ਤੇਰੀ ਦੀਆਂ ਕੌੜੀਆਂ ਮਿਠੀਆਂ
ਸੁਣ ਕੇ ਮੂੰਹੋਂ ਨਾ ਬੋਲੀ
ਤਾਹਨੇ, ਮਿਹਣੇ, ਗਾਲੀਂ ਝੱਲੀਆਂ
ਅੱਡ ਸਬਰ ਦੀ ਝੋਲੀ
ਰਾਤ ਦਿਨੇ ਮੈਂ ਰਹਾਂ ਕਮਾਉਂਦੀ
ਜਾਨ ਕੰਮਾਂ ਵਿਚ ਰੋਲੀ
ਇਕ ਤੇਰੀ ਜਿੰਦ ਬਦਲੇ
ਮੈਂ ਸਾਰੇ ਟੱਬਰ ਦੀ ਗੋੱਲੀ
ਇਕ ਤੇਰੀ ਜਿੰਦ ਬਦਲੇ ।

੨-੧੦-੫੦

# ਨੌਕਰ ਜਾਹ ਮੁੰਡਿਆ

( ਬੋਲੀ )

ਨਿੱਤ ਦੇ ਉਲ੍ਹਾਮੇ, ਨਿੱਤ ਦੀਆਂ ਝਿੜਕਾਂ
ਕਦ ਤਕ ਝੱਲਦੀ ਜਾਵਾਂ ?
ਸੱਸ ਦੇ ਮਿਹਣੇ ਤਨ ਮਨ ਸਾੜਨ
ਮਲ੍ਹਮ ਕਿੱਥੋਂ ਨਿੱਤ ਲਾਵਾਂ ?
ਨਣਦ ਸਿਆਪਾ ਸੱਜਰਾ ਰੱਖਦੀ
ਲੁਕ ਲੁਕ ਝੱਟ ਟਪਾਵਾਂ
ਲੜੇ ਜਿਠਾਣੀ; ਭਿੜੇ ਦਿਰਾਣੀ
ਕਿਸ ਨਾਲ ਜੀ ਪਰਚਾਵਾਂ ?
ਇਸ ਘਰ ਵਿਚ ਮੇਰਾ ਕੋਈ ਨਾ ਦਰਦੀ,
ਰੋ ਰੋ ਕਿਨੂੰ ਸੁਣਾਵਾਂ ?
ਚੱਲ ਤੁਰ ਦੂਰ ਇਕੱਲੇ ਵੱਸੀਏ
ਚਾ ਜਿੰਦੜੀ ਦੇ ਲਾਹਵਾਂ
ਨੌਕਰ ਜਾਹ ਮੁੰਡਿਆ !
ਮੈਂ ਨੌਕਰ ਦੀ ਅਖਵਾਵਾਂ
ਨੌਕਰ ਜਾਹ ਮੁੰਡਿਆ !

੨-੧੦-੫੦

# ਝਾਂਜਰ ਨਾ ਛਣਕਾ

ਝਾਂਜਰ ਨਾ ਛਣਕਾ, ਗੋਰੀਏ !
ਝਾਂਜਰ ਨਾ ਛਣਕਾ

ਇਕਧਰ ਮਸਜਿਦ, ਇਕਧਰ ਮੰਦਰ, ਤੇਰੀ ਵਿਚ ਅਟਾਰੀ
ਦੇਣੀ ਬਾਂਗ ਮੌਲਵੀ ਭੁੱਲਾ, ਭੁੱਲਾ ਭਜਨ ਪੁਜਾਰੀ
ਅਹੁ ਤੱਕ, ਬੁੱਤ ਲੈਂਦੇ ਅੰਗੜਾਈਆਂ, ਵੇਂੜਾਂ ਲਵੇ ਖ਼ੁਦਾ
ਝਾਂਜਰ ਨਾ ਛਣਕਾ, ਗੋਰੀਏ !
ਝਾਂਜਰ ਨਾ ਛਣਕਾ

ਮੱਧਮ ਚਾਲ ਧਰਤ ਦੀ ਪੈ ਗਈ, ਚੱਲੇ ਅਝਕ ਸਤਾਰੇ
ਬਣਿਆਂ ਫੇਰ ਦਲਾਲ ਇੰਦਰ ਦਾ, ਚੰਦ ਝਾਤੀਆਂ ਮਾਰੇ
ਭਰਮ ਪਿਆ ਜੇ ਕੋਈ ਦੇਵਤਾ, ਪਰਲੋ ਦੇਊ ਲਿਆ
ਝਾਂਜਰ ਨਾ ਛਣਕਾ, ਗੋਰੀਏ !
ਝਾਂਜਰ ਨਾ ਛਣਕਾ

ਕਿਸ ਗਿਣਤੀ ਵਿਚ ਮਾਤ-ਲੋਕ ਦੇ, ਭੁੱਖੇ ਜਤੀ ਵਿਚਾਰੇ
ਸੁਰਗ ਲੋਕ 'ਚੋਂ ਪਰਤ ਆਉਣਗੇ, ਭਗਤ, ਔਲੀਏ, ਸਾਰੇ
ਮੂੰਹ 'ਤੇ ਪੱਲਾ ਲੈ ਮੁਟਿਆਰੇ ! ਨਾ ਕੋਈ ਚੰਦ ਚੜ੍ਹਾ
ਝਾਂਜਰ ਨਾ ਛਣਕਾ, ਗੋਰੀਏ !
ਝਾਂਜਰ ਨਾ ਛਣਕਾ

ਮੈਂ ਸ਼ਾਇਰ, ਦਿਲ ਜਜ਼ਬਿਆਂ ਭਰਿਆ ਕਾਬੂ ਰਹਿਣਾ ਨਾਹੀਂ
ਅਸੀਂ ਤਾਂ ਹੰਝੂਆਂ ਵਿਚ ਡੁਬ ਮਰੀਏ,
(ਏਥੇ) ਨੈਂ ਵਗਦੀ ਅਸਗਾਹੀਂ
ਆਸ਼ਕ ਲੱਗਣਾ ਪਾਰ ਨਾ ਲੋੜਨ, ਠਿਲ੍ਹਦੇ ਜਦ ਦਰਿਆ
ਝਾਂਜਰ ਨਾ ਛਣਕਾ, ਗੋਰੀਏ !
ਝਾਂਜਰ ਨਾ ਛਣਕਾ

੧੨-੫-੫੭

# ਮੰਦਰ ਮੱਥਾ ਟੇਕਣ ਗਈ

ਮੰਦਰ ਮੱਥਾ ਟੇਕਣ ਗਈ
ਨੀਂ, ਮੈਂ ਕੀਹਨੂੰ ਆਖਾਂ ?
ਸੁੱਖਣਾ ਦੀ ਮੈਂ ਕੁੱਲ ਸਮੱਗਰੀ, ਥਾਲੀ ਵਿਚ ਟਿਕਾਈ
ਸੱਸ ਕਿਹਾ, ਮੈਂ ਮਾਂਗ ਸਵਾਰੀ, ਮੱਥੇ ਬਿੰਦੀ ਲਾਈ
ਅੱਖਾਂ ਕਰ ਲਈਆਂ ਸੁਰਮਈ, ਨੀ, ਮੈਂ ਕੀਹਨੂੰ ਆਖਾਂ ?
ਮੰਦਰ ਮੱਥਾ ਟੇਕਣ ਗਈ
ਨੀ, ਮੈਂ ਕੀਹਨੂੰ ਆਖਾਂ ?
ਭਜਨ, ਆਰਤੀ, ਪੂਜਾ, ਅਰਚਾ, ਬੈਠੇ ਭੁੱਲ ਪੁਜਾਰੀ
ਵਿੱਚੇ ਵਿੱਚ ਸੁੰਗੜਦੀ ਜਾਵਾਂ, ਮੈਂ ਨਜ਼ਰਾਂ ਦੀ ਮਾਰੀ
ਆ ਅਣ-ਪੁੱਛੀ ਬਿਪਤਾ ਪਈ, ਨੀ, ਮੈਂ ਕੀਹਨੂੰ ਆਖਾਂ ?
ਮੰਦਰ ਮੱਥਾ ਟੇਕਣ ਗਈ
ਨੀ, ਮੈਂ ਕੀਹਨੂੰ ਆਖਾਂ ?
ਜੋਤਾਂ ਉੱਤੇ ਜਾਨ ਘੁਮਾਉਣੀ, ਭੁੱਲ ਗਏ ਪਰਵਾਨੇ
ਉਹਨਾਂ ਬੇ-ਸਮਝਾਂ ਦੀ ਕੀ ਗੱਲ ? ਹੋ ਗਏ ਜਤੀ ਦੀਵਾਨੇ
ਭਾਜੜ ਸਿਦਕ ਧਰਮ ਨੂੰ ਪਈ, ਨੀ, ਮੈਂ ਕੀਹਨੂੰ ਆਖਾਂ ?
ਮੰਦਰ ਮੱਥਾ ਟੇਕਣ ਗਈ
ਨੀ, ਮੈਂ ਕੀਹਨੂੰ ਆਖਾਂ ?
ਸਖੀਆਂ ਵਿਚ ਭਗਵਾਨ ਖਲੋਤਾ, ਬੰਸੀ ਪਿਆ ਵਜਾਵੇ
ਖਚਰੀ ਅੱਖ ਮੇਰੇ ਵੱਲ ਵੇਖੇ, ਬੁੱਲ੍ਹਾਂ ਵਿਚ ਮੁਸਕਾਵੇ
ਉਹਦੀ ਨਜ਼ਰ ਸਾਫ਼ ਨਾ ਰਹੀ, ਨੀ, ਮੈਂ ਕੀਹਨੂੰ ਆਖਾਂ ?
ਮੰਦਰ ਮੱਥਾ ਟੇਕਣ ਗਈ
ਨੀ. ਮੈਂ ਕੀਹਨੂੰ ਆਖਾਂ ?

੩-੮-੫੬

# ਮੈਂ ਨਹੀਂ ਮੁਕਲਾਵੇ ਜਾਣਾ

ਮੈਂ ਨਹੀਂ ਮੁਕਲਾਵੇ ਜਾਣਾ,
ਮੇਰੇ ਹਾਣ ਦੀਓ !

ਮਾਉਂ ਕਹੇ, 'ਤੇਰੀ ਤੌਣ ਨਿਖੁੱਟੀ' 'ਚਲੋ ਚਲੋ' ਕਹਿ ਭਾਈ
ਬਾਬਲ ਕਹਿ, 'ਧੀ ਧਾਨ ਪਰਾਇਆ' ਪੇਕੇ ਨਹੀਂ ਸਮਾਈ
ਚੁੱਕਵੇਂ ਪੈਰ ਫਿਰੇ ਭਰਜਾਈ, ਘਰ ਵਿਚ ਤਣਦੀ ਤਾਣਾ
ਮੇਰੇ ਹਾਣ ਦੀਓ
ਮੈਂ ਨਹੀਂ ਮੁਕਲਾਵੇ ਜਾਣਾ
ਮੇਰੇ ਹਾਣ ਦੀਓ !

ਸ਼ੀਸ਼ੇ ਦਾ ਮੂੰਹ ਰੱਤਾ ਪੈ ਜੋ, ਕੇਸੂ ਨਾਲੋਂ ਗੂੜ੍ਹਾ
ਵੇਖ ਮੇਰੇ ਵੱਲ ਫਿੱਕਾ ਪੈ ਗਿਆ, ਨਾਨਕਿਆਂ ਦਾ ਚੂੜਾ
ਪਲੰਘ ਮੇਰੇ ਦੀਆਂ ਚੂਲਾਂ ਚੀਕਣ, ਹੋ ਗਿਆ ਵਾਣ ਪੁਰਾਣਾ
ਮੇਰੇ ਹਾਣ ਦੀਓ !
ਮੈਂ ਨਹੀਂ ਮੁਕਲਾਵੇ ਜਾਣਾ
ਮੇਰੇ ਹਾਣ ਦੀਓ !

ਸਹੁਰਾ ਮੇਰਾ ਬੋਲਾ ਸੁਣੀਂਦਾ, ਸੱਸ ਜਿਵੇਂ ਮਿਸ਼ਰਾਣੀ
ਨਿੱਕੀ ਪਟਿੱਕੀ ਲੋਹੜੇ ਪਿੱਟੀ, ਨਣਦ ਜਣਦਿਆਂ ਖਾਣੀ
ਕਲਜੋਗਣ ਦੀ ਭੈਣ ਜਿਠਾਣੀ, ਜੇਠ ਸੁਣੀਦਾ ਕਾਣਾ
ਮੇਰੇ ਹਾਣ ਦੀਓ !
ਮੈਂ ਨਹੀਂ ਮੁਕਲਾਵੇ ਜਾਣਾ
ਮੇਰੇ ਹਾਣ ਦੀਓ !

ਉਸ ਪਿੰਡ ਬਹੁਤੇ ਛੜੇ ਸੁਣੀਂਦੇ, ਆਕੜ ਖ਼ੋਰ ਹਰਾਮੀ
ਖੁੰਢਾਂ ਉੱਤੇ ਬਹਿ ਬਹਿ ਕਰਦੇ, ਨੱਢੀਆਂ ਦੀ ਬਦਨਾਮੀ
ਬਾਰ ਦੀ ਹਰਨੀ ਕੈਦ 'ਚ ਪੈ ਜੂ, ਭੁੱਲ ਜੂ ਪੀਣਾ ਖਾਣਾ

ਮੇਰੇ ਹਾਣ ਦੀਓ !
ਮੈਂ ਨਹੀਂ ਮੁਕਲਾਵੇ ਜਾਣਾ
ਮੇਰੇ ਹਾਣ ਦੀਓ !

ਨਾ ਮੈਂ ਬਣੀ ਰੁਕਮਣੀ, ਸਹੀਓ ! ਨਾ ਮੈਂ ਹੀਰ ਵਿਚਾਰੀ
ਨਾ ਮੇਰਾ ਕੋਈ ਰਾਂਝਾ ਪਿੱਛੇ, ਅੱਗੇ ਨਾ ਕ੍ਰਿਸ਼ਨ ਮੁਰਾਰੀ
ਬਾਗ਼ੀ ਜੋਬਨ ਲੈ ਅੰਗੜਾਈਆਂ, ਟੁੱਟਦਾ ਪੇਟਾ ਤਾਣਾ

ਮੇਰੇ ਹਾਣ ਦੀਓ !
ਮੈਂ ਨਹੀਂ ਮੁਕਲਾਵੇ ਜਾਣਾ
ਮੇਰੇ ਹਾਣ ਦੀਓ !

ਮਹਿੰਦੀ ਦੀ ਥਾਂ, ਮੇਰੇ ਹੱਥ 'ਤੇ ਧਰ ਦਿਹੋ ਇਕ ਅੰਗਿਆਰੀ
ਆਪੇ ਦਮ ਘੁੱਟ ਕੇ ਮਰ ਜਾਊ, ਮੇਰੀ ਰੀਝ ਕੁਆਰੀ
ਭੱਠ ਪਏ ਇਹ ਸਗਨ, ਵਿਖਾਵੇ, ਕੰਤ ਸੁਣੀਂਦਾ ਨਿਆਣਾ

ਮੇਰੇ ਹਾਣ ਦੀਓ !
ਮੈਂ ਨਹੀਂ ਮੁਕਲਾਵੇ ਜਾਣਾ
ਮੇਰੇ ਹਾਣ ਦੀਓ !
ਮੇਰੇ ਹਾਣ.........

੨੧-੪-੫੬

# ਕਾਲਾ ਵਰ ਦਿਤਾ ਮਾਪਿਆਂ

ਕਾਲਾ ਵਰ ਦਿੱਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ ?
ਦੱਸੋ, ਮੇਰੇ ਹਾਣ ਦੀਓ ! ਕਿਹੜੇ ਆਸਰੇ ਮੈਂ ਜੀ ਪਰਚਾਵਾਂ ?
ਰੱਖਿਆ ਸੀ ਸਾਂਭ ਸਾਂਭ ਕੇ, ਏਸੇ ਵਾਸਤੇ ਮੈਂ ਪਿਆਰ ਕੁਆਰਾ ?
ਆਹ ਮੁੱਲ ਪੈਣਾ ਰੂਪ ਦਾ, ਪਤਾ ਹੁੰਦਾ, ਵੰਡ ਛੱਡਦੀ ਸਾਰਾ
ਮਰ ਗਈ ਮੈਂ ਲੱਜ ਪਾਲਦੀ, ਮਹੁਰਾ ਲੈ ਕੇ ਅੱਜ ਓਸਦਾ ਖਾਵਾਂ ?
    ਕਾਲਾ ਵਰ ਦਿੱਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ ?
ਸ਼ਾਲ੍ਹਾ ! ਮੇਰੀ ਅੱਖ ਸੜ ਜੈ, ਹੋਵੇ ਤੱਕਿਆ ਜੇ ਰੱਜ ਇਕਵਾਰੀ
ਫਿਰਾਂ ਉਹਤੋਂ ਇਉਂ ਲੁਕਦੀ, ਜਿਵੇਂ ਜੇਠ ਕੋਲੋਂ ਕੰਜਕ ਕੁਆਰੀ
ਉਹਦੇ ਪਰਛਾਂਵਿਆਂ ਤੋਂ, ਨੀ, ਮੈਂ ਚੰਦ ਜੇਹੀਆਂ ਭਾਬੀਆਂ ਲੁਕਾਵਾਂ
    ਕਾਲਾ ਵਰ ਦਿੱਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ ?
ਡਰਦੀ ਮੈਂ ਨਾਲ ਨਾ ਤੁਰਾਂ, ਜਾਵਾਂ ਵਿਚੇ ਵਿਚ ਮਰਦੀ, ਰਕਾਨੇ !
'ਨੌਕਰਾਂ ਦੇ ਨਾਲ ਫਿਰਦੀ' ਮਿਹਣੇ ਮਾਰਨਗੇ ਵੇਖ ਕੇ ਬਿਗਾਨੇ
ਓਸ ਦਿਆਂ ਢੋਡਿਆਂ ਨੂੰ, ਕੀ ਮੈਂ ਹੁਸਨ ਪਲੇਥਣ ਲਾਵਾਂ ?
    ਕਾਲਾ ਵਰ ਦਿੱਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ ?
ਚੰਬਾ ਤੇ ਗੁਲਾਬ ਕੱਢ ਕੇ, ਚਾਵਾਂ ਨਾਲ ਸੀ ਮੈਂ ਚਾਦਰਾਂ ਬਣਾਈਆਂ
ਸੱਧਰਾਂ ਨੂੰ ਅੱਗ ਲੱਗ ਗਈ, ਨੀ, ਮੈਂ ਹੇਠ ਜਦ ਓਸਦੇ ਵਿਛਾਈਆਂ
ਲੋਕਾਂ ਭਾਣੇ ਘੁੰਡ ਕਢਦੀ, ਅੱਖਾਂ ਸੁੱਜੀਆਂ ਮੈਂ ਜੱਗ ਤੋਂ ਲੁਕਾਵਾਂ
    ਕਾਲਾ ਵਰ ਦਿੱਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ ?
ਹੋਰ ਇਕ ਗੁਝਾ ਦੁੱਖ, ਨੀ ! ਜਾਵੇ ਝੱਲਿਆ ਨਾ, ਦੱਸ ਵੀ ਨਾ ਹੰਗਾਂ
ਕਿਸੇ ਕੋਲ ਕੀ ਫੋਲਣਾ, ਕਹਿੰਦੀ ਆਪਣੇ ਵੀ ਆਪ ਨੂੰ, ਮੈਂ ਸੰਗਾਂ
ਉਹਦੇ ਜਹੀ ਨਸ਼ਾਨੀ ਓਸਦੀ, ਗੋਦੀ ਲੈਣ ਤੋਂ ਮੈਂ ਪਹਿਲਾਂ ਮਰ ਜਾਵਾਂ
    ਕਾਲਾ ਵਰ ਦਿੱਤਾ ਮਾਪਿਆਂ, ਉਹਦਾ ਸੁਰਮਾ ਬਣਾ ਕੇ ਪਾਵਾਂ ?
    ਦੱਸੋ, ਮੇਰੇ ਹਾਣ ਦੀਓ ! ਕਿਹੜੇ ਆਸਰੇ ਮੈਂ ਜੀ ਪਰਚਾਵਾਂ ?

੧੯-੫-੫੭

# ਨਾ ਕਰ ਕੁੜੀਏ ਸਿਫ਼ਤਾਂ

ਨਾ ਕਰ ਕੁੜੀਏ ! ਸਿਫ਼ਤਾਂ, ਮੇਰੇ ਢੋਲ ਦੀਆਂ

ਕਾਹਨ ਆਖਿਆ ਸੋਲਾ ਪੈ ਜੈ, ਨਣਦ ਮੇਰੀ ਦਾ ਵੀਰਾ
ਕੇਸੂ ਦੇ ਫੁੱਲ ਫਿੱਕੇ ਜਾਪਣ, ਵੇਖ ਓਸਦਾ ਚੀਰਾ
ਉਪਰੋਂ 'ਵੀਰ ਭਰਾ' ਕਹਿ ਸੱਦਣ,
ਵੇਖ ਵੇਖ ਕੇ ਅੰਦਰੋਂ ਸਤੀਆਂ ਡੋਲਦੀਆਂ
ਨਾ ਕਰ ਕੁੜੀਏ ! ਸਿਫ਼ਤਾਂ, ਮੇਰੇ ਢੋਲ ਦੀਆਂ

ਪਤਲੇ ਛੈਲ ਛਬੀਲੇ ਸਾਹਵੇਂ, ਸਰੂ ਸਲਾਮਾਂ ਕਰਦੇ
ਨੱਚਦੇ ਨੈਣ ਮਮੋਲੇ ਤਕ ਕੇ, ਮਿਰਗ ਘਾਇਲ ਹੋ ਮਰਦੇ
ਛੱਡ ਸੁਰਗ ਨੂੰ ਧਰਤੀ ਉੱਤੇ,
ਸੁਣ ਸੁਣ ਉਸਦੀਆਂ ਸੋਆਂ ਪਰੀਆਂ ਡੋਲਦੀਆਂ
ਨਾ ਕਰ ਕੁੜੀਏ ! ਸਿਫ਼ਤਾਂ, ਮੇਰੇ ਢੋਲ ਦੀਆਂ

ਛੁਹ ਉਸਦੀ ਫੁੱਲਾਂ ਤੋਂ ਕੋਮਲ, ਡੌਲੇ ਸਖ਼ਤ ਫ਼ੌਲਾਦੀ
ਕੈਦ ਬਾਹੀਂ ਦੀ ਮਿੱਠੀ ਜਾਪੇ, ਫਿੱਕੀ ਹੋਰ ਆਜ਼ਾਦੀ
ਨਿੱਕੀਆਂ ਨਿੱਕੀਆਂ ਗੱਲਾਂ ਉਸ ਦੀਆਂ
ਜਨਮ-ਪਿਆਸੇ ਕੰਨੀ, ਮਿਸ਼ਰੀ ਘੋਲ ਦੀਆਂ
ਨਾ ਕਰ ਕੁੜੀਏ ! ਸਿਫ਼ਤਾਂ, ਮੇਰੇ ਢੋਲ ਦੀਆਂ

ਸੋਹਣਾ ਵਰ ਮੈਂ ਕਿੱਥੇ ਲੁਕਾਵਾਂ ? ਸਿਫ਼ਤ ਕਰਾਂ ਨਾ ਡਰਦੀ
ਜਾਦੂ-ਗਰਨੀਆ ਨਾਰਾਂ ਏਥੇ, ਚਿੰਤਾ ਬੁਰੀ ਨਜ਼ਰ ਦੀ
ਸੋਚ ਸੋਚ ਦਿਲ ਧੜਕੇ ਮੇਰਾ,
ਭਰਮ ਪੈਣ ਨਾ ਸੁਣ ਕੇ, ਨੱਢੀਆਂ ਕੋਲ ਦੀਆਂ
ਨਾ ਕਰ ਕੁੜੀਏ ! ਸਿਫ਼ਤਾਂ, ਮੇਰੇ ਢੋਲ ਦੀਆਂ

੧੩-੫-੫੭

# ਮੇੱਲੇ ਮੁਕਸਰ ਦੇ

ਮੇੱਲੇ ਮੁਕਸਰ ਦੇ, ਚੱਲ ਚੱਲੀਏ ਨਣਦ ਦਿਆ ਵੀਰਾ
ਸੁੱਖਣਾ ਲਾਹ ਆਵਾਂ, ਜੋ ਸੁੱਖੀਆਂ ਸੀ ਬੰਨ੍ਹਦੀ ਕਲੀਹਰਾ

ਆਏ ਹੋਣੇ ਹੋਰ ਵੀ ਕਈ, ਓਥੇ ਸਾਲੀਆਂ ਤੇ ਸਾਂਢੂ ਤੇਰੇ
ਦੱਸੂੰ ਮੈਂ ਵੀ ਹਾਨਣਾ ਨੂੰ, ਪੈਣ ਉਛਲ ਉਛਲ ਚਾਅ ਮੇਰੇ
ਥੇਵਾ ਮੁੰਦਰੀ ਦਾ, ਆਹ ਲੱਭਿਆ ਪੰਜਾਬ 'ਚੋਂ ਹੀਰਾ
ਮੇੱਲੇ ਮੁਕਸਰ ਦੇ, ਚੱਲ ਚੱਲੀਏ ਨਣਦ ਦਿਆ ਵੀਰਾ

ਪੰਜ-ਸੱਤ ਜਾਣ ਫੱਟੀਆਂ, ਮੇਰੇ ਢੋਲ ਨੂੰ ਜੇ ਤੱਕ ਮੁਟਿਆਰਾਂ
ਖ਼ੁਸ਼ੀ ਵਿਚ ਹੋ ਜਾਂ ਬਾਵਲੀ, ਤੇਰੇ ਸਿਰ ਤੋਂ ਬੁਤਕੀਆਂ ਵਾਰਾਂ
ਡਿੱਗਣ ਪਤੰਗ ਭੁੱਲ ਕੇ, ਸੂਹਾ ਵੇਖ ਕੇ ਸੱਜਣ ਦਾ ਚੀਰਾ
ਮੇੱਲੇ ਮੁਕਸਰ ਦੇ, ਚੱਲ ਚੱਲੀਏ ਨਣਦ ਦਿਆ ਵੀਰਾ !

ਚਾਅ ਨਾਲ ਲਾਏ ਮਿੱਤਰਾ ! ਚੁੰਨੀ ਰੇਸ਼ਮੀ-ਸਲੇਟੀ ਨੂੰ ਸਤਾਰੇ
ਲੁਕ ਲੁਕ ਪਾਉਂਦੇ ਝਾਤੀਆਂ, ਵੇਖੀਂ ਜਲ 'ਚ ਅੰਬਰ ਦੇ ਤਾਰੇ
ਈਰਖਾ 'ਚ ਸੜਨ ਗੀਆਂ, ਵੇਖ ਦਿਉਤਿਆਂ ਦਾ ਸਖੀਆਂ ਵਤੀਰਾ
ਮੇੱਲੇ ਮੁਕਸਰ ਦੇ, ਚੱਲ ਚੱਲੀਏ ਨਣਦ ਦਿਆ ਵੀਰਾ !

ਆਹ ਦਿਨ ਨਹੀਂ ਲੱਭਣੇ, ਬਾਂਹੋਂ ਫੜ ਨਾ ਕਿਸੇ ਨੇ ਨਿੱਤ ਕਹਿਣਾ
ਜੋਬਨ ਅਣ-ਵੰਡਿਆ, ਆਉਂਦੇ ਸਾਲ ਨੂੰ ਚੰਨੀ ਦਾ ਨਹੀਂ ਰਹਿਣਾ
ਬਹੁਤਾ ਤੈਥੋਂ ਨਹੀਂ ਮੰਗਦੀ, ਇਕ ਲੈ ਦੀਂ ਰੰਗੀਲ ਗਛੀਹਰਾ
ਮੇੱਲੇ ਮੁਕਸਰ ਦੇ, ਚੱਲ ਚੱਲੀਏ ਨਣਦ ਦਿਆ ਵੀਰਾ !

੩੧-੭-੫੭

# ਵੱਸ ਪਵੇ ਗੀਤਾਂ ਦੀ ਦੁਨੀਆਂ

ਵੱਸ ਪਵੇ ਗੀਤਾਂ ਦੀ ਦੁਨੀਆਂ, ਸੱਜਣਾ ! ਮੁੜ ਘਰ ਆ

ਸੁੰਞੇ ਅੰਙਣ ਗੀਤ ਨਾ ਸੁਹੰਦੇ, ਬਣ ਜਾਂਦੇ ਨੇ ਆਹੀਂ
ਠੰਢੀਆਂ ਵਾਵਾਂ ਜੀਉੜਾ ਸਾੜਨ, ਬਲ ਬਲ ਉੱਠਣ ਭਾਹੀਂ
ਸਾੜ ਬੁਰਾ ਹਉਕੇ ਵਿਚ ਹੁੰਦਾ, ਫੁੱਲ ਜਾਂਦੇ ਕੁਮਲਾ
ਵੱਸ ਪਵੇ ਗੀਤਾਂ ਦੀ ਦੁਨੀਆਂ, ਸੱਜਣਾ ! ਮੁੜ ਘਰ ਆ

ਮੁੱਕ ਗਈਆਂ ਨੇ ਲਾਮਾਂ, ਸੁਣਿਐਂ, ਵਾਟਾਂ ਮੁੱਕੀਆਂ ਨਾਹੀਂ
ਔਂਸੀਆਂ ਪਾ ਪਾ ਉਂਗਲਾਂ ਘਸੀਆਂ, ਅੱਖੀਆਂ ਰੁਲਦੀਆਂ ਰਾਹੀਂ
ਕੰਨ ਉਦਾਸੇ ਵੌੜਾਂ ਲੈਂਦੇ, ਮਾਹੀਆ ! ਆਸ ਪੁੱਜਾ
ਵੱਸ ਪਵੇ ਗੀਤਾਂ ਦੀ ਦੁਨੀਆਂ, ਸੱਜਣਾ ! ਮੁੜ ਘਰ ਆ

ਕਾਹਨ ਗੋਪੀਆਂ ਰਾਸ ਰਚਾਈ, ਸਹੀਆਂ ਵੇਖਣ ਗਈਆਂ
ਪੀਆ ਮਿਲਨ ਦੇ ਗੀਤ ਦੀਆਂ ਜਦ, ਹੇਕਾਂ ਕੰਨੀ ਪਈਆਂ
ਯਾਦਾਂ ਉਠੀਆਂ ਲੈ ਅੰਗੜਾਈਆਂ, ਮਚਲ ਉਠੇ ਨੇ ਚਾਅ
ਵੱਸ ਪਵੇ ਗੀਤਾਂ ਦੀ ਦੁਨੀਆਂ, ਸੱਜਣਾ ! ਮੁੜ ਘਰ ਆ

ਫਰਕ ਪੈਣ ਫਿਰ ਮੀਟੀਆਂ ਬੁੱਲ੍ਹੀਆਂ, ਜਾਗਣ ਸੁੱਤੀਆਂ ਤਾਨਾਂ
ਚਟਕਣ ਫੇਰ ਉਦਾਸੀਆਂ ਕਲੀਆਂ, ਪਰਤ ਆਉਣ ਮੁਸਕਾਨਾਂ
ਫੇਰ ਜਵਾਨੀ ਮਾਂਗ ਸਵਾਰੇ, ਮੱਥੇ ਟਿੱਕਾ ਲਾ
ਵੱਸ ਪਵੇ ਗੀਤਾਂ ਦੀ ਦੁਨੀਆਂ, ਸੱਜ਼ਣਾ ! ਮੁੜ ਘਰ ਆ

ਬਾਲ ਦੀਵਾਲੀ ਧਰਾਂ ਬਨੇਰੇ, ਰੱਜ ਰੱਜ ਸਗਨ ਮਨਾਵਾਂ
ਅੱਡੀ ਮਾਰ ਕੰਬਾਵਾਂ ਧਰਤੀ, ਨੱਚਾਂ ਘੁੰਮਰ ਪਾਵਾਂ
ਜ਼ਾਗੇ ਫੇਰ ਅਲਸਾਇਆ ਜੋਬਨ, ਪ੍ਰੀਤ ਮਿਲੇ ਗਲ ਧਾ
ਵੱਸ ਪਵੇ ਗੀਤਾਂ ਦੀ ਦੁਨੀਆਂ, ਸੱਜਣਾ ! ਮੁੜ ਘਰ ਆ

੨੯-੧੦-੫੮

# ਜੇ ਨਾ ਵੇਲੇ ਸਿਰ ਆਇਓਂ

ਜੇ ਨਾ ਵੇਲੇ ਸਿਰ ਆਇਓਂ, ਅੱਜ ਢੋਲਣਾ !
ਤੇਰੇ ਨਾਲ ਅਸਾਂ, ਫੇਰ ਨਹੀਓਂ ਬੋਲਣਾ

ਨੱਚਣ ਅੱਖੀਆਂ 'ਚ ਸੁਪਨੇ ਉਸ਼ੇਰ ਦੇ
ਸੱਜੇ ਅੰਗ ਰਹੇ ਫਰਕ ਸਵਰ ਦੇ
ਅੰਗੀ ਫਿੱਸ ਗਈ, ਤੇ ਤੰਗ ਹੋਇਆ ਚੋਲਣਾ
ਤੇਰੇ ਨਾਲ ਅਸਾਂ ਫੇਰ ਨਹੀਓਂ ਬੋਲਣਾ
ਜੇ ਨਾ ਵੇਲੇ ਸਿਰ......

ਮਹਿੰਦੀ ਲਾਈ ਲੱਖ ਸਗਨ ਵਿਚਾਰ ਵੇ
ਜੇ ਨਾ ਆਇਓਂ, ਬਣ ਜਾਊ ਅੰਗਿਆਰ ਵੇ
ਪੈ ਜੂ ਜੋਬਨ ਭੱਠੀ ਦੇ ਵਿਚ ਰੋਲਣਾ
ਤੇਰੇ ਨਾਲ ਅਸਾਂ ਫ਼ੇਰ ਨਹੀਓਂ ਬੋਲਣਾ
ਜੇ ਨਾ ਵੇਲੇ ਸਿਰ......

ਰੀਝਾਂ ਨਾਲ ਗੁੰਦੇ ਮੋਤੀਏ ਦੇ ਹਾਰ ਵੇ
ਚਾਵਾਂ ਨਾਲ ਪਾਈ ਕੱਜਲੇ ਦੀ ਧਾਰ ਵੇ
ਕਿਤੇ ਹੰਝੂਆਂ 'ਚ ਪਵੇ ਨਾ ਇਹ ਘੋਲਣਾ
ਤੇਰੇ ਨਾਲ ਅਸਾਂ ਫੇਰ ਨਹੀਓਂ ਬੋਲਣਾ
ਜੇ ਵੇਲੇ ਸਿਰ......

ਸਾਰਾ ਦਿਨ ਰਹੀ ਵਾਲ ਮੈਂ ਸਵਾਰਦੀ
ਸ਼ਾਮੀ ਵੇਖ ਸੀ ਜਿਠਾਣੀ ਮਿਹਣੇ ਮਾਰਦੀ
ਖੁਹ ਖੁਹ ਪਟੀਆਂ ਨੂੰ ਪਵੇ ਨਾ ਵਿਝੋਲਣਾ
ਤੇਰੇ ਨਾਲ ਅਸਾਂ ਫੇਰ ਨਹੀਓਂ ਬੋਲਣਾ
ਜੇ ਨਾ ਵੇਲੇ ਸਿਰ......

ਕੀਤੀ ਹੱਦ ਰਾਤੀਂ ਲਾਡਲੀ ਨਨਾਨ ਨੇ
ਗੱਾਨਾ ਬੰਨ੍ਹ ਦਿਤਾ ਹੱਥ 'ਤੇ ਰਕਾਨ ਨੇ
ਕਿਹਾ, 'ਵੀਰ ਮੇਰੇ ਆਕੇ ਕੱਲ੍ਹ ਖੋਹਲਣਾ'
ਤੇਰੇ ਨਾਲ ਅਸਾਂ ਫੇਰ ਨਹੀਓਂ ਬੋਲਣਾ
ਜੇ ਨਾ ਵੇਲੇ ਸਿਰ......

ਜੇ ਤੂੰ ਆਇਓਂ ਰਾਤ ਅੱਜ ਦੀ ਗੁਜ਼ਾਰ ਵੇ
ਵੰਗਾਂ ਭੰਨ ਦੂੰ ਦਲ੍ਹੀਜ ਨਾਲ ਮਾਰ ਵੇ
ਰਿਹਾ ਹੱਸਣਾ ਤਾਂ, ਦੁੱਖ ਵੀ ਨਾ ਫੋਲਣਾ
ਤੇਰੇ ਨਾਲ ਅਸਾਂ ਫੇਰ ਨਹੀਓਂ ਬੋਲਣਾ
ਜੇ ਨਾ ਵੇਲੇ ਸਿਰ......

੩-੧੦-੫੭

# ਚੰਨ ਪਰਦੇਸੀਆ

ਮੇਰੇ ਤੱਕਲੇ 'ਤੇ ਕੱਚੀ ਕੱਚੀ ਤਾਰ
ਕਾਨੂੰ ਪਾ ਲਿਆ ਸੀ ਐਨਾ ਗੂੜ੍ਹਾ ਪਿਆਰ
ਚੰਨ ਪਰਦੇਸੀਆ ! ਉ ਪਰਦੇਸੀਆ !

ਮੇਰੀ ਕੱਤਣੀ 'ਕ ਦੁੱਖਾਂ ਦੀਆਂ ਪੂਣੀਆਂ
ਜਿਉਂ ਜਿਉਂ ਕੱਤਾਂ; ਤਿਉਂ ਤਿਉਂ ਹੋਈ ਜਾਣ ਦੂਣੀਆਂ
ਕੇਹੇ ਮੰਦੇ ਵਾਰ ਪਾ ਲਿਆ ਭੰਡਾਰ
ਚੰਨ ਪਰਦੇਸੀਆ ! ਉ ਪਰਦੇਸੀਆ !

ਰੀਝਾਂ ਲੱਥੀਆਂ ਨਾ ਮਾਣੀਆਂ ਜਵਾਨੀਆਂ
ਤੂੰਹੇਂ ਦਰਦੀ ਤੇ ਤੂੰਹੇਂ ਵੈਰੀ ਜਾਨੀਆਂ !
ਕੀਹਦੇ ਕੋਲ ਦੱਸ ਕਰਾਂ ਮੈਂ ਪੁਕਾਰ
ਚੰਨ ਪਰਦੇਸੀਆ ! ਉ ਪਰਦੇਸੀਆ !

ਹਾਰੇ ਲੇਖ, ਤਾਂ ਬਦਲ ਗਿਆ ਜੱਗ ਵੇ
ਕਦੇ ਸੁਣੀ ਨਹੀਂ ਸੀ ਪਾਣੀ ਵਿਚ ਅੱਗ ਵੇ
ਮੇਰੇ ਹੰਝੂ ਬਣ ਗਏ ਨੇ ਅੰਗਿਆਰ
ਚੰਨ ਪਰਦੇਸੀਆ ! ਉ ਪਰਦੇਸੀਆ !

ਗੱਲਾਂ ਲਾਵੇ ਪਈ ਜਿਠਾਣੀ ਹੱਸ ਹੱਸ ਕੇ
ਚੂੜਾ ਛਣਕੇ, ਤਾਂ ਵੌੜਾਂ ਲਵੇ ਸੱਸ ਵੇ
ਉੱਡ ਗਿਆ ਏ ਸਤੀ ਦਾ ਇਤਬਾਰ
ਚੰਨ ਪਰਦੇਸੀਆ ! ਉ ਪਰਦੇਸੀਆ !

ਰੂਪ ਖੋਰ ਦਿਤਾ ਅੱਖਾਂ ਰੁੜ੍ਹ ਜਾਣੀਆਂ
ਵੀਣੀ ਘੁੱਟ ਨਾ ਮਰੋੜੀ ਕਦੇ ਹਾਣੀਆਂ
ਟੁੱਟੀ ਵੰਗ ਵੀ ਨਾ, ਕੱਢਾਂ ਜੀਹਦਾ ਪਿਆਰ
ਚੰਨ ਪਰਦੇਸੀਆ ! ਉ ਪਰਦੇਸੀਆ !

ਇੱਕੋ ਗੱਲ ਪਿਛੇ ਝੱਲਾਂ ਐਨੇ ਦੁੱਖ ਵੇ
ਕਿਹੜਾ ਆਏ ਦੀ ਮਨਾਊ ਤੇਰੀ ਸੁਖ ਵੇ
ਜੇ ਮੈਂ ਮਰ ਗਈ ਵਿਛੋੜੇ ਹੱਥੋਂ ਹਾਰ
ਚੰਨ ਪਰਦੇਸੀਆ ! ਉ ਪਰਦੇਸੀਆ !

੨੯-੧੦-੫੭

# ਸਰ੍ਹੋਂ ਦੀਆਂ ਗੰਦਲਾਂ

ਸਰ੍ਹੋਂ ਦੀਆਂ ਗੰਦਲਾਂ ਮੈਂ ਵੀਣ ਵੀਣ, ਛਿੱਲ ਛਿੱਲ
ਚਾਵਾਂ ਨਾਲ ਰਿੰਨ੍ਹਿਆ ਏ ਸਾਗ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ

ਸੁੱਚੇ ਮੇਰੇ ਖੇਤ, ਕਿਸੇ ਝਾਤੀਆਂ ਨਾ ਮਾਰੀਆਂ
ਤੋੜ ਕੇ ਲਿਆਈ ਜਿੱਥੋਂ ਗੰਦਲਾਂ ਕੁਆਰੀਆਂ
ਇੱਕੋ ਜਹੀ ਜਵਾਨੀ ਤੇਰੀ ਗੋਰੀ ਅਤੇ ਗੰਦਲਾਂ 'ਤੇ
ਲੋੜਦੀਆਂ ਦੋਵੇਂ ਨੇ ਸੁਹਾਗ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......

ਸੁਬ੍ਹਾ, ਸ਼ਾਮ ਚੋਵਾਂ ਰੋਜ਼ ਕਾਲੀਆਂ ਤੇ ਬੂਰੀਆਂ
ਮੂੰਹ ਨਾ ਜੁਠਾਵਾਂ ਕੱਲ੍ਹੀ, ਵੇਖ ਮਜਬੂਰੀਆਂ
ਮੱਠੀ ਮੱਠੀ ਅੱਗ ਉੱਤੇ ਕਾੜ੍ਹਦੀ ਉਡੀਕਾਂ ਨਿੱਤ
ਅੱਧੀ ਅੱਧੀ ਰਾਤ ਲਾਵਾਂ ਜਾਗ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......

ਪਾਵਾਂ ਜਾਂ ਮਧਾਣੀ ਉਠ ਲੈ ਕੇ ਤੇਰਾ ਨਾਂ ਵੇ
ਛਾਉਣੀਆਂ ਨੇ ਪਾਉਂਦੇ ਆ ਬਨੇਰਿਆਂ 'ਤੇ ਕਾਂ ਵੇ
ਮੱਖਣ ਦਾ ਪੇੜਾ ਮੈਂ ਲੁਕਾਉਂਦੀ ਫਿਰਾਂ ਡਾਕੂਆਂ ਤੋਂ
ਲੱਗਣ ਨਾ ਦੇਵਾਂ ਚੰਨ ! ਦਾਗ਼ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......

ਬਾਕੀ ਤਾਂ ਅਮਾਨਤਾਂ ਮੈਂ ਸਾਂਭ ਸਾਂਭ ਰੱਖੀਆਂ
ਰੂਪ ਨਹੀਓਂ ਰਹਿਣਾ, ਜਿਹੜਾ ਖੋਰੀ ਜਾਣ ਅੱਖੀਆਂ
ਢਲ ਗਿਆ ਜੋਬਨ; ਤਾਂ ਦੇਵੀਂ ਠਾ ਉਲਾਮ੍ਹਾ ਸਾਨੂੰ
ਉੱਜੜੇ ਨਾ ਦੱਖ ਦੇਣ ਬਾਗ਼ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......
ਚੜ੍ਹੇ ਸੀ ਅਜੇਹੇ ਤੈਨੂੰ ਨੌਕਰੀ ਦੇ ਚੱਾ ਵੇ
ਜ਼ੋਰੀ ਜ਼ੋਰੀ ਤੁਰ ਗਿਓਂ ਮੁੱਖੜਾ ਭੁਆ ਵੇ
ਸੱਜਰੀ ਵਿਆਹੀ ਓਦੋਂ ਲੱਜਿਆ ਦੀ ਮਾਰੀ ਤੱਤੀ
ਰੋਕ ਨਾ ਮੈਂ ਸੱਕੀ ਫੜ ਵਾਗ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......
ਦਿਹ ਨਾ ਸਜ਼ਾਂ ਸਾਨੂੰ ਬਾਂਕਿਆ ! ਪਿਆਰ ਦੀ
ਆਹ ਬੁਰੀ ਹੁੰਦੀ ਊ ਵਿਛੋੜੇ ਸੱਲੀ ਨਾਰ ਦੀ
ਚੁੰਮ ਚੁੰਮ ਰੋਵੀਂ ਪਿਛੋਂ ਸਾਡੀਆਂ ਨਸ਼ਾਨੀਆਂ ਨੂੰ
ਰੂਹ ਗਈ ਜੇ ਬੁਤ ਨੂੰ ਤਿਆਗ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......
ਅਜੇ ਵੇਲਾ ਹਈ, ਆ ਕੇ ਸਾਂਭ ਘਰ ਬਾਰ ਵੇ
ਪੱਤ-ਝੜ ਵਿਚ ਫਿਰ ਆ ਜਾਊ ਬਹਾਰ ਵੇ
'ਸੀਤਲ' ਜੇ ਔੜ ਵਿਚ ਵਰ੍ਹ ਪਵੇ, ਪੈਣ ਝੱਟ
ਵੇਲਾਂ ਉਘਲ੍ਹਾਂਦੀਆਂ ਵੀ ਜਾਗ ਵੇ
ਘਰ ਆ ਜਾ, ਮੇਰੇ ਜਾਗ ਪੈਣ ਭਾਗ ਵੇ
ਸਰ੍ਹੋਂ ਦੀਆਂ ਗੰਦਲਾਂ......

੯-੯-੫੮

# ਅੱਸੂ ਦੇ ਨੌਰਾਤੇ ਆ ਗਏ

ਛਾਤੀ ਮਿਉਣ ਨਾ ਸਹੇਲੀਓ ! ਚੱਾ
ਨੀ, ਅੱਸੂ ਦੇ ਨੁਰਾਤੇ ਆ ਗਏ

ਸੌਣ ਵਿਚ ਵੇਖੀ ਸੀ ਮੈਂ ਪੀਂਘ ਅਮਮਾਨ 'ਤੇ
ਕਰਦਾ ਸੀ ਚਿੱਤ ਮੇਰਾ ਉੱਡ ਪੁੱਡ ਜਾਣ 'ਤੇ
ਲਹਿਰੀਆ ਮੈਂ ਰਖਿਆ ਰੰਗਾ
ਨੀ, ਅੱਸੂ ਦੇ ਨੁਰਾਤੇ ਆ ਗਏ, ਛਾਤੀ ਮਿਉਣ ਨਾ ਸਹੇਲੀਓ ! ਚੱਾ
ਪੱਟ ਨਾਲ ਕੱਢ ਕੱਢ ਬਾਗ਼ ਫੁਲਕਾਰੀਆਂ
ਮਾੱਵਾਂ ਧੀਆਂ ਭਰ ਲਈਆਂ ਕਿੰਨੀਆਂ ਪਟਾਰੀਆਂ
ਦਾਜ ਲਿਆ ਰੱਜਵਾਂ ਬਣਾ
ਨੀ, ਅੱਸੂ ਦੇ ਨੁਰਾਤੇ ਆ ਗਏ, ਛਾਤੀ ਮਿਉਣ ਨਾ ਸਹੇਲੀਓ ! ਚੱਾ
ਘਰ ਵਿਚ ਹੋਣ ਜਾਂ ਵਿਆਹ ਦੀਆਂ ਗੱਲਾਂ ਨੀ
ਅੱਜੀਂ ਪੱਜੀਂ ਸੁਣਾ, ਖ਼ੁਸ਼ੀ ਮਸਾਂ ਮਸਾਂ ਠੱਲ੍ਹਾਂ ਨੀ
ਉੱਤੋਂ ਉੱਤੋਂ ਜਾਵਾਂ ਸ਼ਰਮਾ
ਨੀ, ਅੱਸੂ ਦੇ ਨੁਰਾਤੇ ਆ ਗਏ; ਛਾਤੀ ਮਿਉਣ ਨਾ ਸਹੇਲੀਓ ! ਚੱਾ
ਸੱਖਣੇ ਵੀ ਹੱਥ ਜਾਂ ਧਿਆਨ ਨਾਲ ਤੱਕਾਂ ਨੀ
ਆਰਸੀ ਦੀ ਝੱਲ ਲਿਸ਼ਕੋਰ ਨਾ ਮੈਂ ਸੱਕਾਂ ਨੀ
ਅੱਖੀਆਂ ਵੀ ਜਾਣ ਚੁੰਧਿਆ
ਨੀ, ਅੱਸੂ ਦੇ ਨੁਰਾਤੇ ਆ ਗਏ, ਛਾਤੀ ਮਿਉਣ ਨਾ ਸਹੇਲੀਓ ! ਚੱਾ
ਸੁਪਨੇ 'ਚ ਸੁਣਦੀ ਪੰਜੇਬਾਂ ਦੇ ਹਾਂ ਬੋਰ ਨੀ
ਚੰਦਾਂ ਬੰਦਾਂ ਵਿਚ ਪਈ ਲੱਗਾਂ ਹੋਰ ਹੋਰ ਨੀ
ਵੇਖਾਂ ਜਾਂ ਬਨਾਉਟੀ ਘੁੰਡ ਚਾ,
ਨੀ, ਅੱਸੂ ਦੇ ਨੁਰਾਤੇ ਆ ਗਏ ' ਛਾਤੀ ਮਿਉਣ ਨਾ ਸਹੇਲੀਓ ! ਚੱਾ

ਇਕ ਦਿਨ ਵੇਖੀ ਚੋਰੀ ਸ਼ੀਸ਼ੇ 'ਚ ਨੁਹਾਰ ਨੀ
ਆਪਣੇ ਈਂ ਰੂਪ 'ਤੇ ਨਾ ਆਵੇ ਇਤਬਾਰ ਨੀ
ਆਪ ਈ ਡਿੱਗੀ ਮੈਂ ਗਸ਼ ਖਾ
ਨੀ, ਅੱਸੂ ਦੇ ਨੁਰਾਤੇ ਆ ਗਏ, ਛਾਤੀ ਮਿਉਣ ਨਾ ਸਹੇਲੀਓ ! ਚਾਅ

ਜਿਹੜਾ ਕੋਈ ਆਉਣਾ, ਜੀਹਦਾ ਲੈਣਾ ਨਹੀਂ ਨਾਂ ਨੀ
ਚੰਦ ਜੇਹਾ ਸੁਣੀ ਦਾ, ਸਦਕੜੇ ਮੈਂ ਜਾਂ ਨੀ
ਨਜ਼ਰਾਂ ਦਿਉ ਨਾ ਕਿਤੇ ਲਾ
ਨੀ, ਅੱਸੂ ਦੇ ਨੁਰਾਤੇ ਆ ਗਏ, ਛਾਤੀ ਮਿਉਣ ਨਾ ਸਹੇਲੀਓ ! ਚਾਅ

ਨੀ, ਅੱਸੂ ਦੇ ਨੁਰਾਤੇ ਆ ਗਏ
ਛਾਤੀ ਮਿਉਣ ਨਾ......

੯-੯-੫੮

# ਮੇਰਾ ਦੀਵਾ ਨਾ ਬੁਝਾ

ਨਾ ਵਗ ਵਾਏ ! ਮੇਰਾ ਦੀਵਾ ਨਾ ਬੁਝੱਾ
ਮਸ੍ਹਾਂ ਮੈਂ ਜਗਾਇਆ ਤੇਲ ਹੰਝੂਆਂ ਦਾ ਪਾ

ਜਦੋਂ ਖੁੱਲ੍ਹੇ ਵਾਲਾਂ ਨੂੰ ਮੈਂ ਗੁੱਤ 'ਚ ਸਵਾਰਿਆ
'ਆਉਣਾ ਹੋਣਾ ਕਿਸੇ ਨੇ', ਸਹੇਲੀ ਮਿਹਣਾ ਮਾਰਿਆ
'ਸਾਂਭ ਲੈ ਹਨ੍ਹੇਰੇ, ਮਤਾਂ ਭੁੱਲ ਜਾਵੇ ਰਾਹ'
ਨਾ ਵਗ ਵਾਏ ! ਮਰਾ ਦੀਵਾ ਨਾ ਬੁਝੱਾ

ਮੱਛਰੇ ਜਵਾਨੀ, ਜਾਵੇ ਸਾਂਭਿਆ ਨਾ ਪਿਆਰ ਨੀ
ਲੁਕ ਲੁਕ ਬੈਠੀ ਗੁੰਦਾਂ ਫੁੱਲਾਂ ਦੇ ਮੈਂ ਹਾਰ ਨੀ
ਹਉਕਿਆਂ ਦੇ ਨਾਲ ਨਾ ਇਹ ਜਾਣ ਮੁਰਝਾ
ਨਾ ਵਗ ਵਾਏ ! ਮੇਰਾ ਦੀਵਾ ਨਾ ਬੁਝੱਾ

ਘੜੀ ਮੁੜੀ ਵੇਖਾਂ ਵਿਚ ਸ਼ੀਸ਼ੇ ਦੇ ਨੁਹਾਰ ਨੀ
ਮੁੜ ਮੁੜ ਠੀਕ ਕਰਾਂ ਕੱਜਲੇ ਦੀ ਧਾਰ ਨੀ
ਹੰਝੂ ਆਪ-ਹੁਦਰੇ ਝਰੀਟਾਂ ਦੇਣ ਪਾ
ਨਾ ਵਗ ਵਾਏ ! ਮੇਰਾ ਦੀਵਾ ਨਾ ਬੁਝਾ

ਤੱਕਦਿਆਂ ਰਾਹ, ਤੱਤੀ ਗਾਲ ਲਈਆਂ ਅੱਖੀਆਂ
ਹੋ ਗਈਆਂ ਉਦਾਸ, ਜੋ ਸੁਗਾਤਾਂ ਸਾਂਭ ਰੱਖੀਆਂ
ਦੇਵੇਗਾ ਉਲਾਹਮਾ 'ਗਿਆ ਰੂਪ ਕੁਮਲੱਾ'
ਨਾ ਵਗ ਵਾਏ ! ਮੇਰਾ ਦੀਵਾ ਨਾ ਬੁਝੱਾ

ਅਜੇ ਹੈ ਉਡੀਕ ਬਾਕੀ, ਮੁੱਕੀ ਨਹੀਂ ਰਾਤ ਨੀ
ਸੁੱਤਿਆਂ ਜਹਾਨ ਦੇ ਜੇ ਪਾਵੇ ਆ ਕੇ ਝਾਤ ਨੀ
ਨਣਦਾਂ ਤੋਂ ਚੋਰੀ ਲਵਾਂ ਸਗਨ ਮਨੱਾ
ਨਾ ਵਗ ਵਾਏ ! ਮੇਰਾ ਦੀਵਾ ਨਾ ਬੁਝੱਾ

# ਡਾਢੇ ਦੁਖ ਮਿੱਤਰਾਂ ਦੇ

ਮੇਰੀ ਹੰਝੂਆਂ 'ਚ ਖੁਰ ਗਈ ਜਵਾਨੀ,
ਡਾਢੇ ਦੁੱਖ ਮਿੱਤਰਾਂ ਦੇ

ਸੋਹਣਾ ਇਕ ਵਾਰ ਅੱਖੀਆਂ ਲਗਾ ਕੇ
ਫਾਹੀਆਂ ਪੱਕੀਆਂ ਪ੍ਰੇਮ ਦੀਆਂ ਪਾ ਕੇ
ਫੇਰ ਬਹਿ ਰਿਹਾ ਮਲਾਇਆ ਵਿਚ ਜਾ ਕੇ
ਪੁੱਛੀ ਵਾਤ ਨਾ ਕਦੇ ਵੀ ਉਸ ਆ ਕੇ
ਮੇਰਾ ਦੁੱਖ ਕੋਈ ਵੰਡਾਵੇ
ਉਹਨੂੰ ਮੋੜ ਕੇ ਲਿਆਵੇ
ਮੇਰੀ ਮੁੱਕਦੀ ਬਚਾਵੇ ਜ਼ਿੰਦਗਾਨੀ
ਡਾਢੇ ਦੁੱਖ ਮਿੱਤਰਾਂ ਦੇ, ਮੇਰੀ ਹੰਝੂਆਂ 'ਚ ਖੁਰ ਗਈ ਜਵਾਨੀ

ਰਾਤਾਂ ਕਾਲੀਆਂ ਤੇ ਬਿਜਲੀ ਕੜਕੇ
ਮੇਰਾ ਕਾਲਜਾ ਸਹਿਮ ਨਾਲ ਧੜਕੇ
ਦਿਲ ਬੁਝਿਆ ਬ੍ਰਿਹੋਂ ਦੇ ਵਿਚ ਸੜ ਕੇ
ਬੈਠੀ ਰਹਾਂ ਮੈਂ ਮੰਜੇ ਦੀ ਬਾਹੀ ਫੜ ਕੇ
ਨਾਲੇ ਰੋਵਾਂ, ਨਾਲੇ ਹੱਸਾਂ
ਭੇਤ ਕਿਸੇ ਨੂੰ ਨਾ ਦੱਸਾਂ
ਕੋਲ ਹੋਵੇ, ਤਾਂ ਸੁਣੇ ਦਿਲ ਜਾਨੀ
ਡਾਢੇ ਦੁੱਖ ਮਿੱਤਰਾਂ ਦੇ, ਮੇਰੀ ਹੰਝੂਆਂ 'ਚ ਖੁਰ ਗਈ ਜਵਾਨੀ

ਸਾਂਵੇਂ ਖੇਡਣ ਜਾਂ ਰਲ ਮੁਟਿਆਰਾਂ
ਗੀਤ ਗਾਉਂਦੀਆਂ ਸੁਹਾਗਣਾਂ ਨਾਰਾਂ
ਸਾਡੀ ਜਿੰਦ ਸੜੇ ਵਾਂਗ ਅੰਗਿਆਰਾਂ
ਬੀਤ ਚੱਲੀਆਂ ਨੇ ਸੁੰਞੀਆਂ ਬਹਾਰਾਂ

ਫੇਰ ਸੌਣ ਕਦੋਂ ਆਵੇ
ਮਾਹੀ ਫੇਰਾ ਘਰ ਪਾਵੇ
ਹੋਵੇ ਰਾਤ ਸ਼ਿਵਰਾਤ ਜਿਉਂ ਸੁਹਾਨੀ
ਡਾਢੇ ਦੁੱਖ ਮਿੱਤਰਾਂ ਦੇ, ਮੇਰੀ ਹੰਝੂਆਂ 'ਚ ਖੁਰ ਗਈ ਜਵਾਨੀ

ਸਾਥੋਂ ਝੱਲਿਆ ਵਿਛੋੜਾ ਨਹੀਂ ਜਾਵੇ
ਰੱਬ ਰੋਗ ਨਾ ਕਿਸੇ ਨੂੰ ਇਹ ਲਾਵੇ
ਜਿਵੇਂ ਘੁਣ ਲੱਕੜੀ ਨੂੰ ਖਾਵੇ
ਵਿਚੇ ਵਿਚ ਇਹ ਰੱਤ ਪੀ ਜਾਵੇ
ਧੰਨ ਆਸ਼ਕਾਂ ਦਾ ਜੇਰਾ
ਦੁੱਖ ਸਹਿਣ ਜੋ ਘਨੇਰਾ
ਕਹਿਣ 'ਹਾਏ' ਇਕਵਾਰ ਨਾ ਜ਼ਬਾਨੀ
ਡਾਢੇ ਦੁੱਖ ਮਿੱਤਰਾਂ ਦੇ, ਮੇਰੀ ਹੰਝੂਆਂ 'ਚ ਖੁਰ ਗਈ ਜਵਾਨੀ
ਡਾਢੇ ਦੁੱਖ ਮਿੱਤਰਾਂ ਦੇ

੧੬-੨-੫੨

# ਸਵੇਰਾ ਹੋ ਗਿਆ, ਸੱਜਨੀ !

ਸਵੇਰਾ ਹੋ ਗਿਆ, ਸੱਜਨੀ !
ਨਵੇਂ ਹੁਣ ਗੀਤ ਗਾਵਾਂਗਾ
ਬੜਾ ਚਿਰ ਨਾਗ ਤੇਰੀ ਮੇਢੀਆਂ ਦੇ ਮੈਂ ਖਿਡਾਏ ਨੇ
ਮੈਂ ਤੇਰੇ ਲੌਂਗ ਨੂੰ ਦੇ ਰੌਸ਼ਨੀ ਸੂਰਜ ਚੜ੍ਹਾਏ ਨੇ
ਤੇ ਹੁਣ ਬਿਜਲੀ ਬਣਾ ਕੇ ਨੱਥ ਦੀ ਅੰਬਰ ਜਲਾਵਾਂਗਾ
ਸਵੇਰਾ ਹੋ ਗਿਆ, ਸੱਜਨੀ ! ਨਵੇਂ ਹੁਣ ਗੀਤ ਗਾਵਾਂਗਾ

ਮੈਂ ਠੂਠੀ ਵੇਖ ਕੇ ਤੇਰੀ ਕਲਸ ਮਹਿਲੀਂ ਝੁਲਾਏ ਨੇ
ਤੇ ਤੇਰੇ ਘੁੰਡ ਦੇ ਪਰਦੇ ਮੈਂ ਚੰਦ ਸੂਰਜ 'ਤੇ ਪਾਏ ਨੇ
ਮੈਂ ਛਾਲੇ ਮਿਹਨਤੀ ਹੱਥਾਂ ਦੇ ਹੁਣ ਤਾਰੇ ਬਣਾਵਾਂਗਾ
ਸਵੇਰਾ ਹੋ ਗਿਆ, ਸੱਜਨੀ ! ਨਵੇਂ ਹੁਣ ਗੀਤ ਗਾਵਾਂਗਾ

ਤੇਰੀ ਪਾਜ਼ੇਬ ਦਾ ਹੀ ਸਾਜ਼ ਮੈਂ ਸੁਣਦਾ ਰਿਹਾਂ ਹੁਣ ਤਕ
ਅਨ-ਹੋਣੇ ਸੁਪਨਿਆਂ ਦੇ ਜਾਲ ਹੀ ਉਣਦਾ ਰਿਹਾ ਹੁਣ ਤਕ
ਜੋ ਹੋਇਆ ਏ, ਜੋ ਹੋ ਸਕਦਾ ਏ, ਉਹ ਰਸਤਾ ਵਿਖਾਵਾਂਗਾ
ਸਵੇਰਾ ਹੋ ਗਿਆ, ਸੱਜਨੀ ! ਨਵੇਂ ਹੁਣ ਗੀਤ ਗਾਵਾਂਗਾ

ਸਜਾਂਦਾ ਰਿਹਾਂ ਤੇਰੇ ਰੂਪ ਨੂੰ ਗੁੱਡੀ ਬਣਾ ਕੇ ਮੈਂ
ਤੇ ਮਲਕਾਂ ਆਖ, ਵਰਚਾਂਦਾ ਰਿਹਾਂ, ਝੁੱਗੀ ਬਿਠਾ ਕੇ ਮੈਂ
ਤੇ ਹੁਣ ਧਰਤੀ ਦੀ ਜਾਈਏ ! ਖੇਤ ਦੀ ਰਾਣੀ ਬਣਾਵਾਂਗਾ
ਸਵੇਰਾ ਹੋ ਗਿਆ, ਸੱਜਨੀ ! ਨਵੇਂ ਹੁਣ ਗੀਤ ਗਾਵਾਂਗਾ

ਮੈਂ ਮਸਤੀ ਵਿਚ ਗੁਜ਼ਾਰੀ ਕੁਛ ਤਾਂ ਨੈਣਾਂ ਦੇ ਇਸ਼ਾਰੇ 'ਤੇ
ਤੇ ਕੁਛ ਕੁਛ ਹੋਸ਼ ਵਿਚ ਲੁਟਿਆ ਗਿਆ ਸੁਰਗਾਂ ਦੇ ਲਾਰੇ 'ਤੇ
ਹੁਣ ਏਸੇ ਆਪਣੀ ਦੁਨੀਆਂ ਨੂੰ ਜੰਨਤ ਵਿਚ ਵਟਾਵਾਂਗਾ
ਸਵੇਰਾ ਹੋ ਗਿਆ, ਸਜਨੀ ! ਨਵੇਂ ਹੁਣ ਗੀਤ ਗਾਵਾਂਗਾ

ਕਦੇ ਮੈਂ ਚੀਰਨੀ ਵਿਚ ਚਮਕਦਾ ਸੰਧੂਰ ਤਕਦਾ ਸਾਂ
ਤੇ ਹੁਣ ਫੁਟਦੇ ਸਿਆੜਾਂ ਵਿਚ ਨਵੇਂ ਅੰਗੂਰ ਤਕਦਾ ਹਾਂ
ਭਗਤ ਸੂਰਜ ਨੂੰ ਪਾਣੀ ਦੇ, ਮੈਂ ਕਣਕਾਂ ਨੂੰ ਪਿਆਵਾਂਗਾ
ਸਵੇਰਾ ਹੋ ਗਿਆ, ਸਜਨੀ ! ਨਵੇਂ ਹੁਣ ਗੀਤ ਗਾਵਾਂਗਾ

ਕਦੇ ਚਾੱ ਨਾਲ ਲਿਖਦਾ ਸਾਂ ਮੈਂ ਘੜਿਆਂ ਦੀ ਕਹਾਣੀ ਨੂੰ
ਤੇ ਹੁਣ ਬੰਨ੍ਹ ਮਾਰਨੇ ਸੋਚਾਂ ਮੈਂ ਦਰਿਆਵਾਂ ਦੇ ਪਾਣੀ ਨੂੰ
ਜਿਥੇ ਸੱਸੀ ਸੜੀ, ਉਹਨਾਂ ਥਲਾਂ ਵਿਚ ਬਾਂਗ ਲਾਵਾਂਗਾ
ਸਵੇਰਾ ਹੋ ਗਿਆ, ਸਜਨੀ ! ਨਵੇਂ ਹੁਣ ਗੀਤ ਗਾਵਾਗਾ

ਕਿਸੇ ਪਰਲੋਕ ਅਣ-ਡਿੱਠੇ ਦੀ ਹੁਣ ਮੈਂ ਚਾਹ ਨਹੀਂ ਕਰਦਾ
ਕਿਸੇ ਦੀ ਜੋ ਸਫ਼ਾਰਸ਼ 'ਤੇ ਮਿਲੇ, ਪਰਵਾਹ ਨਹੀਂ ਕਰਦਾ
ਜਿਥੇ ਸਧਰਾਂ ਬਣਨ ਅਰਮਾਨ ਨਾ, ਉਹ ਜੁਗ ਲਿਆਵਾਂਗਾ
ਸਵੇਰਾ ਹੋ ਗਿਆ, ਸਜਨੀ ! ਨਵੇਂ ਹੁਣ ਗੀਤ ਗਾਵਾਂਗਾ

ਕਿਤੇ ਇਹ ਸਮਝ ਨਾ ਬੈਠੀਂ, ਕਿ ਹੁਣ ਮੈਂ ਪਿਆਰ ਨਹੀਂ ਕਰਦਾ
ਸਿਰਫ਼ ਅਗਲੇ ਸੁਰਗ ਵਿਚ ਮਿਲਨ ਦਾ ਇਕਰਾਰ ਨਹੀਂ ਕਰਦਾ
ਇਸੇ ਦੁਨੀਆਂ, ਇਸੇ ਜੀਵਨ 'ਚ, ਰੀਝਾਂ ਸਭ ਪੁਜਾਵਾਂਗਾ
ਸਵੇਰਾ ਹੋ ਗਿਆ, ਸਜਨੀ ! ਨਵੇਂ ਹੁਣ ਗੀਤ ਗਾਵਾਂਗਾ

੨-੫-੫੮

# ਤੂਤਾਂ ਵਾਲਾ ਖੂਹ ਛੱਡ ਕੇ

ਚੰਨ ! ਖੇਤ ਆਪਣੇ ਦੀਆਂ, ਮੈਨੂੰ ਮਿਠੀਆਂ ਲੱਗਣ ਹਵਾਵਾਂ

ਹੋ ਗਿਆ ਜਵਾਨ, ਮਿੱਤਰਾ !
ਜਿਹੜਾ ਬੂਟਾ ਸੀ ਤੂੰ ਨਿੱਕੇ ਹੁੰਦੇ ਲਾਇਆ
ਇਹ ਵੀ ਮੈਨੂੰ ਵੇਖ ਰੀਝਿਆ,
ਤੱਕ, ਬੂਰ ਕਿੰਨਾ ਐਦਕੀਂ ਆਇਆ

ਲੋਕੀਂ ਪਾਉਣ ਪਿੱਪਲਾਂ ਨੂੰ, ਤੇਰੇ ਅੰਬ ਨੂੰ ਮੈਂ ਪਾਣੀ ਨਿਤ ਪਾਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਮਿਠੀਆਂ ਲੱਗਣ ਹਵਾਵਾਂ

ਜੇਠੀਆਂ ਅੰਬੀਆਂ ਨੂੰ
ਕਿਵੇਂ ਦੂਰ ਬੈਠੇ ਘੂਰਦੇ ਨੇ ਤੋਤੇ
ਗਾਲ੍ਹੜ ਮਸੋਸੇ ਫਿਰਦੇ
ਵੇਖ ਮਾਲਕਾਂ ਨੂੰ ਜਾਗਦੇ ਪਲੋਤੇ

ਮੇਰੇ ਹੱਥ ਵੇਖ ਗੋਪੀਆਂ, ਸੁੱਕੇ ਕਿੱਕਰਾਂ 'ਤੇ ਰੌਲੀ ਪਾਈ ਕਾਂਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਠੰਢੀਆਂ ਲੱਗਣ ਹਵਾਵਾਂ

ਰੀਸ ਨਾਲ ਮੋਰ ਨੱਚਦੇ
ਲੈ ਕੇ ਛਾਹ-ਵੇਲਾ ਆਵਾਂ ਜਦ ਤੇਰਾ
ਸਿਰ ਚੁੱਕ ਚੁੱਕ ਚਰ੍ਹੀਆਂ
ਨਿੱਤ ਕੱਢ ਨੇ ਮਿਣਦੀਆਂ ਮੇਰਾ

ਅੰਬੀਆਂ 'ਚ ਰਸ ਪੈ ਗਿਆ, ਚਿੱਟੇ ਫੁੱਲ ਕੱਢੇ ਸਾਵੀਆਂ ਕਪਾਹਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਮਿੱਠੀਆਂ ਲੱਗਣ ਹਵਾਵਾਂ

ਚੂੜੇ ਵਾਲੀ ਬਾਂਹ ਚੁੱਕ ਕੇ
ਗੋਰੀ ਜੋਗ ਨੂੰ ਜਦੋਂ ਮੈਂ ਲਲਕਾਰਾਂ
ਟਿੰਡਾਂ ਭਾਵੇਂ ਟੀਨ ਦੀਆਂ
ਵਿਚੋਂ ਚਾਂਦੀ ਦੀਆਂ ਵਹਿੰਦੀਆਂ ਨੇ ਧਾਰਾਂ
ਗਾਹੜੀ ਉਤੇ ਬੈਠੀ, ਹਾਣੀਆਂ ! ਗੀਤ ਤੇਰੇ ਈ ਪਿਆਰ ਦੇ ਮੈਂ ਗਾਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਠੰਢੀਆਂ ਲੱਗਣ ਹਵਾਵਾਂ
ਮੈਂ ਵੀ ਹੁਣ ਹਿੱਸੇਦਾਰ ਆਂ
ਬਹੁਤੇ ਕਰ ਨਾ ਕਮਾਈ ਦੇ ਦਾਹਵੇ
ਰੂਪ ਮੇਰਾ ਘੁਲ ਘੁਲ ਕੇ
ਤੇਰੇ ਫ਼ਸਲਾਂ 'ਤੇ ਜੋਬਨ ਲਿਆਵੇ
ਗੁੱਡੀਓਂ ਮੈਂ ਜੱਟੀ ਬਣ ਗਈ ਤੇਰੇ ਨਾਲ ਹੁਣ ਮੱਗਵਾਂ ਕਮਾਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਮਿੱਠੀਆਂ ਲੱਗਣ ਹਵਾਵਾਂ
ਧੀ ਆਂ ਮੈਂ ਧਰਤੀ ਦੀ
ਮੇਰੇ ਡੋਲਿਆਂ ਦੇ ਵਿਚ ਖ਼ੁਸ਼ਹਾਲੀ
ਥੱਕੇ ਹੋਏ ਚਿਹਰਿਆਂ 'ਤੇ
ਮੇਰੇ ਦਮ ਨਾਂ ਦਮਕਦੀ ਲਾਲੀ
ਡੁਬਦੇ ਸੂਰਜ ਨੂੰ ਤਾਹੀਏਂ ਮਹਿੰਦੀ-ਰੰਗੇ ਹੱਥ ਮੈਂ ਵਿਖਾਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਠੰਢੀਆਂ ਲੱਗਣ ਹਵਾਵਾਂ
ਦੁਨੀਆਂ ਬਦਲ ਦਿਤੀ
ਨਵੇਂ ਜੁੱਗ ਦੀ ਮੈਂ ਬਣ ਕੇ ਸਵਾਣੀ
ਪਰੀਆਂ ਤਾਂ ਕੈਦ ਵਿਚ ਨੇ,
ਮੈਂ ਆਂ ਆਪਣੇ ਖੇਤ ਦੀ ਰਾਣੀ
ਤੂਤਾਂ ਵਾਲਾ ਖੂਹ ਛੱਡ ਕੇ, ਮੈਂ ਨਾ ਭੁੱਲ ਕੇ ਸੁਰਗ ਵਿਚ ਜਾਵਾਂ
ਚੰਨ ! ਖੇਤ ਆਪਣੇ ਦੀਆਂ, ਮੈਨੂੰ ਮਿੱਠੀਆਂ ਲੱਗਣ ਹਵਾਵਾਂ

੩੦-੪-੫੮

# ਮੇਰਾ ਨੱਚਣ ਉਤੇ ਜੀ

ਮੇਰਾ ਨੱਚਣ ਉੱਤੇ ਜੀ, ਵੇਖ ਕੇ ਨਰਮਾ ਤੇਰਾ

ਸਾਂਵੀਂਆਂ ਨਾਲ ਗੋਡੀਆਂ ਦੇ ਦੇ, ਅੱਧਾ ਸਾਲ ਲੰਘਾਇਆ
ਜਿੱਥੇ ਤੇਰਾ ਮੁੜ੍ਹਕਾ ਡੁੱਲ੍ਹ, ਓਥੇ ਰੂਪ ਚੁਆਇਆ
ਜੱਟਾ! ਮੈਂ ਧਰਤੀ ਦੀ ਧੀ, ਜਾਲਿਆ ਜਫਰ ਬਥੇਰਾ
ਮੇਰਾ ਨੱਚਣ ਉੱਤੇ ਜੀ, ਵੇਖ ਕੇ ਨਰਮਾ ਤੇਰਾ

ਵੇਖ ਮੇਰੇ ਬੁੱਲ੍ਹਾਂ ਦੀ ਲਾਲੀ, ਨਰਮੇ ਦੇ ਫੁੱਲ ਹੱਸਦੇ
'ਦੁਨੀਆਂ ਵਿਚ ਖਿੜਦਿਆਂ ਰਹੀਏ' ਜੀਵਨ-ਜੁਗਤੀ ਦਸਦੇ
ੜੇਰੀ ਭਗਤੀ ਪੂਰੀ ਪਈ, ਗਿਆ ਸਭ ਬੀਤ ਹਨ੍ਹੇਰਾ
ਮੇਰਾ ਨੱਚਣ ਉੱਤੇ ਜੀ, ਵੇਖ ਕੇ ਨਰਨਾ ਤੇਰਾ

ਨਰਮਾ ਚੁਗਾਂ, ਤਾਂ ਚੀਚੀ ਮੇਰੀ, ਵੱਖਰੀ ਵੱਖਰੀ ਰਹਿੰਦੀ
ਛਾਪਾਂ ਵੇਖ ਜਿਠਾਣੀ ਦੇ ਹੱਥ, ਇਹ ਵੀ ਕੁਛ ਕੁਛ ਕਹਿੰਦੀ
ਨਾਲੇ ਛੱਬੇ ਮੰਗਦਾ ਹਈ, ਲੜਾਕਾ ਲਾਲ ਛੁਟੇਰਾ
ਮੇਰਾ ਨੱਚਣ ਉੱਤੇ ਜੀ, ਵੇਖ ਕੇ ਨਰਮਾ ਤੇਰਾ

ਜੇ ਕੋਈ ਵਹੀਆਂ ਛੁਰੀਆਂ ਲੈ ਕੇ, ਖੇਤ ਮੇਰੇ ਵਿਚ ਆਇਆ
ਮੈਂ ਨਹੀਂ ਛੁਹਣ ਕਿਸੇ ਨੂੰ ਦੇਣਾ, ਕਹੀਂ ਨਾ, 'ਕਜੀਆ ਪਾਇਆ'
ਜੋਕਾਂ ਖ਼ੂਨ ਗਈਆਂ ਨੇ ਪੀ, ਹੋਰ ਨਾ ਹੁੰਦਾ ਜੇਰਾ
ਮੇਰਾ ਨੱਚਣ ਉੱਤੇ ਜੀ, ਵੇਖ ਕੇ ਨਰਮਾ ਤੇਰਾ

ਮੇਰਾ......

੮-੯-੫੬

# ਪੰਜਾਬ ਦੀਏ ਮੁਟਿਆਰੇ ਨੀ !

ਤੇਰੇ ਮੁੱਖ ਦੀ ਡਲ੍ਹਕ ਨਿਰਾਲੀ ਨੀ
ਉਹ ਚੜ੍ਹਦੇ ਸੂਰਜ ਵਾਲੀ ਨੀ
ਜਤ-ਸਤ ਦੀ ਚਮਕੇ ਲਾਲੀ ਨੀ
ਚੰਦ ਨੂਰੀ ਦਮਕਾਂ ਮਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਜੇ ਪ੍ਰੇਮ 'ਚ ਸੋਹਣੀ, ਹੀਰ ਏਂ ਤੂੰ
ਤਾਂ ਅਣਖ 'ਚ ਜ਼ਹਿਰੀ ਤੀਰ ਏਂ ਤੂੰ
'ਭਾਗੋ' ਦੇ ਹੱਥ ਸ਼ਮਸ਼ੀਰ ਏਂ ਤੂੰ
ਨਿਕਲਨ ਜਿਸ 'ਚੋਂ ਅੰਗਿਆਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਰੱਖ ਕਾਂਟਿਆਂ ਨਾਲ ਕਟਾਰ ਕੁੜੇ
ਜੋਬਨ ਦੀ ਪਹਿਰੇਦਾਰ ਕੁੜੇ
ਕੰਿਡਆਂ ਨਾਲ ਹੁਸਨ ਸ਼ਂਗਾਰ ਕੁੜੇ
ਕੋਈ ਲੋਭੀ ਝਪਟ ਨਾ ਮਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਹੁਣ ਅਣਖ 'ਚ ਧੌਣ ਉਠਾ ਕੇ ਚਲ
ਸਾਥੀ ਨਾਲ ਕਦਮ ਮਿਲਾ ਕੇ ਚਲ
ਸਭ ਦਿਲ 'ਚੋਂ ਭਰਮ ਮਿਟਾ ਕੇ ਚਲ
ਛਡ ਵਹਿਮ ਪੁਰਾਣੇ ਸਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਭੁੱਲ ਬੀਤੇ ਜੁੱਗ ਦੀਆਂ ਬਾਤਾਂ ਨੀ
ਮੁਕ ਗਈਆਂ ਕਾਲੀਆਂ ਰਾਤਾਂ ਨੀ
ਹੋਈਆਂ ਨਵੀਂਆਂ ਪਰਭਾਤਾਂ ਨੀ
ਇਹ ਕਹਿੰਦੇ ਤੁਰ ਗਏ ਤਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਆਇਆ ਹੈ ਨਵਾਂ ਜ਼ਮਾਨਾ ਨੀ
ਬਦਲੇ ਹਨ ਰੰਗ ਅਸਮਾਨਾਂ ਨੀ
ਹੁਣ ਤੂੰ ਵੀ ਬਦਲ ਨਸ਼ਾਨਾ ਨੀ
ਜਿਉਂ ਬੇੜਾ ਲੱਗੇ ਕਨਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਜੋ ਨਵੇਂ ਮਿਲੇ ਅਧਿਕਾਰ ਕੁੜੇ
ਇਹ ਸਮਝ ਫ਼ਰਜ਼ ਤੇ ਭਾਰ ਕੁੜੇ
ਚੁੱਕ ਐਸਾ ਕਦਮ ਵਿਚਾਰ ਕੁੜੇ
ਜਿਉਂ ਨਿਭਣ ਸੁਚੱਜੇ ਸਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਤਕ, ਕੁੜੀਆਂ ਚੀਨ, ਜਾਪਾਨ ਦੀਆਂ
ਧੀਆਂ ਰੂਸੀ ਕਿਰਸਾਨ ਦੀਆਂ
ਤੇ ਪਰੀਆਂ ਇੰਗਲਸਤਾਨ ਦੀਆਂ
ਤੇਰੇ ਵੱਲ ਕਰਨ ਇਸ਼ਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਤੂੰ ਘਰ ਵਿਚ ਅੱਗੇ ਸਵਾਣੀ ਨੀ
ਹੁਣ ਬਣ ਖੇਤਾਂ ਦੀ ਰਾਣੀ ਨੀ
ਉਹ ਛੱਡ ਦਿਹ ਚਾਲ ਪੁਰਾਣੀ ਨੀ
ਚੱਲ ਜਿਸ 'ਤੇ ਅੱਗੇ ਹਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

ਉਠ, ਆਪਣੀ ਪਹਿਲੀ ਚਾਲ ਬਦਲ
ਵਧ ਅੱਗੇ, ਦੁਨੀਆਂ ਨਾਲ ਬਦਲ
'ਸੀਤਲ' ਉਹ ਕੁੱਲ ਖ਼ਿਆਲ ਬਦਲ
ਜਿੰਨ੍ਹਾਂ ਵਿਚ ਫੋਕੇ ਲਾਰੇ ਨੀ, ਪੰਜਾਬ ਦੀਏ ਮੁਟਿਆਰੇ ਨੀ

੨੧-੧੦-੫੮

# ਕਣਕਾਂ ਦੇ ਬੋਹਲ ਉੱਤੇ

ਕਣਕਾਂ ਦੇ ਬੋਹਲ ਉਤੇ ਬੈਠਿਆ ਉ ਜੱਟਾ !
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

ਸੋਨੇ-ਰੰਗਾ ਢੇਰ ਜੋ ਦਮਕ ਰਿਹਾ ਮਾਰ ਵੇ
ਡੁੱਲ੍ਹਾ ਮੇਰਾ ਰੂਪ, ਆਇਆ ਏਸ 'ਤੇ ਨਿਖਾਰ ਵੇ
ਮੇਰਾ ਵੀ ਏ ਹਿੱਸਾ ਵਿਚ, ਸੋਚ ਕੇ ਤੇ ਵੰਡੀਂ
ਪਾਈਆਂ ਬਾਣੀਆਂ ਦੇ ਨਾਲ ਜੋ ਭਿਆਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

ਰਾਹ ਤੇਰੇ ਖੇਤ ਦੇ ਮੈਂ ਰੰਗੇ ਮਹਿੰਦੀ ਨਾਲ ਵੇ
ਭੱਤਾ ਢੋਂਦੇ ਢੋਂਦੇ ਰੰਗ ਹੋ ਗਿਆ ਏ ਲਾਲ ਵੇ
ਮੱਥੇ ਦੀ ਡਲ੍ਹਕ ਵੇਖ, ਖਾਇਕੇ ਭੁਲੇਖਾ
ਹਲ ਡੱਕ ਲਏ ਸੀ ਕੇਈ ਵਾਰ ਹਾਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

ਡੌਲਿਆਂ 'ਚ ਰੱਤ, ਮੇਰੀ ਛਾਤੀ ਵਿਚ ਤਾਣ ਵੇ
ਅੱਖਾਂ 'ਚ ਅਣਖ, ਤੇ ਤਿਉੜੀਆਂ 'ਚ ਮਾਣ ਵੇ
ਜੇਠ ਦੀ ਦੁਪਹਿਰ, ਮੇਰਾ ਡੁੱਲ੍ਹ ਡੁੱਲ੍ਹ ਰੂਪ ਪਵੇ
ਸੋਨਾ ਤਪੇ ਵਿਚ ਜਿਉਂ ਕੁਠਾਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

ਵੇਖੀਆਂ ਮੈਂ ਸ਼ਹਿਰਨਾਂ, ਸ਼ਿੰਗਾਰ ਦੀਆਂ ਪੱਟੀਆਂ
ਸਿਰੋਂ ਪੈਰਾਂ ਤੀਕ ਪਈਆਂ ਸੋਨੇ ਨਾਲ ਅੱਟੀਆਂ
ਫਿੱਕੇ ਫਿੱਕੇ ਰੰਗ, ਸਾਰਾ ਮਾਂਗਵਾਂ ਹੁਸਨ
ਜਿਉਂ ਪਟੋਲਿਆਂ 'ਚ ਗੁੱਡੀਆਂ ਸੰਭਾਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

ਫੱਬਣਾ ਸੀ ਸੋਨਾ ਜਿੱਥੇ, ਬੁੱਚੀਆਂ ਉਹ ਵੀਣੀਆਂ
ਗੋਖੜੂ ਤੇ ਬੰਦ ਪਾਏ ਜੋਕਾਂ ਰੱਤ-ਪੀਣੀਆਂ
ਜਾਣ ਲਿਆ ਮੈਂ ਵੀ, ਕਿਵੇਂ ਹੋ ਗਈਆਂ ਦਿਨਾਂ ਦੇ ਵਿਚ
ਰੁਸਣਾਂ ਤੇ ਚੀਨਣਾਂ ਸੁਖਾਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

•

ਹੱਕਾਂ ਨੂੰ ਸੰਭਾਲ, ਵੇਖ ਨਵਾਂ ਸੰਸਾਰ ਵੇ
ਕਾਮਿਆਂ ਤੇ ਮਾਲਕਾਂ ਦੇ ਬਦਲੇ ਵਿਚਾਰ ਵੇ
ਕਣਕਾਂ ਉਗਾਵਾਂ ਮੈਂ, ਤੇ ਪੂਰੀਆਂ ਬਿਗਾਨੇ ਖਾਣ
'ਸੀਤਲ' ਨਾ ਪੁੱਜਣ ਭਿਆਲੀਆਂ
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ

ਉ, ਕਣਕਾਂ ਦੇ ਬੁਹਲ ਉੱਤੇ ਬੈਠਿਆ ਉ ਜੱਟਾ !
ਮੇਰੇ ਕੰਨਾਂ ਵਿਚ ਟਾਹਲੀ ਦੀਆਂ ਵਾਲੀਆਂ
ਮੇਰੇ ਕੰਨਾਂ ਵਿਚ......

੧੧-੯-੫੬

# ਮੁੱਲ ਨਾ ਵਿਕਦਾ ਪਿਆਰ

ਮੁੱਲ ਨਾ ਵਿਕਦਾ ਪਿਆਰ, ਵੇ ਲੋਕੋ !
ਮੁੱਲ ਨਾ ਵਿਕਦਾ ਪਿਆਰ
ਇਸ ਪੈਸੇ ਦੀ ਦੁਨੀਆਂ ਦੀ ਏ, ਮਿਥਵੀਂ ਬੱਝਵੀਂ ਚਾਲ
ਏਥੇ ਮਿਣਨ ਮੁਹੱਬਤ ਨੂੰ ਵੀ ਚਾਂਦੀ ਦੇ ਗਜ਼ ਨਾਲ
ਇਸ ਮੰਡੀ ਦੇ ਆੜ੍ਹਤੀਆਂ ਲਈ ਪ੍ਰੀਤ ਵੀ ਇਕ ਵਪਾਰ
(ਪਰ) ਮੁੱਲ ਨਾ ਵਿਕਦਾ ਪਿਆਰ, ਵੇ ਲੋਕੋ ! ਮੁੱਲ ਨਾ ਵਿਕਦਾ ਪਿਆਰ
ਅੱਜ ਦੇ ਪੰਡਤ ਵੇਖ 'ਬੈਂਕ ਬੁਕ' ਜੋੜਨ ਫਿਰ ਸੰਜੋਗ
ਸੋਨੇ ਦਾ ਪਿੰਜਰਾ, ਪੰਛੀ ਲਈ ਵਿਚ ਚਾਂਦੀ ਦੀ ਚੋਗ
ਗੁਣ, ਇਖ਼ਲਾਕ ਦੀ ਥਾਂ 'ਤੇ ਵੇਖੀ ਜਾਂਦੀ ਏ ਅੱਜ ਕਾਰ
(ਪਰ) ਮੁੱਲ ਨਾ ਵਿਕਦਾ ਪਿਆਰ, ਵੇ ਲੋਕੋ ! ਮੁੱਲ ਨਾ ਵਿਕਦਾ ਪਿਆਰ
ਭਰਿਆ ਜਾਏ ਸੰਧੂਰ ਮਾਂਗ ਵਿਚ, ਕਰਕੇ ਪ੍ਰੀਤ ਹਲਾਲ
ਢੱਕੀ ਜਾਂਦੀ ਲਾਸ਼ ਗੋਰੀ ਦੀ ਕਫ਼ਨ ਰੇਸ਼ਮੀ ਨਾਲ
ਪਿਆਰ ਫਾਹੇ ਲਟਕਾਇਆ ਜਾਂਦਾ ਪਾ ਗਲ ਚੰਨਣ-ਹਾਰ
(ਪਰ) ਮੁੱਲ ਨਾ ਵਿਕਦਾ ਪਿਆਰ ਵੇ, ਲੋਕੋ ! ਮੁੱਲ ਨਾ ਵਿਕਦਾ ਪਿਆਰ
ਮਹਿਲਾਂ ਦੇ ਵਿਚ ਕੈਦ ਮੁਹੱਬਤ, ਹੋ ਜੈ ਜਦ ਮਜਬੂਰ
ਧਰਮ-ਸਮਾਜਕ ਅਮਨ-ਰਾਜ ਦੇ, ਤੋੜ ਦੇਵੇ ਦਸਤੂਰ
ਕਦੇ ਬਗ਼ਾਵਤ ਲਈ ਜਵਾਨੀ, ਹੋ ਜਾਂਦੀ ਏ ਤਿਆਰ
(ਪਰ) ਮੁੱਲ ਨਾ ਵਿਕਦਾ ਪਿਆਰ ਵੇ, ਲੋਕੋ ! ਮੁੱਲ ਨਾ ਵਿਕਦਾ ਪਿਆਰ
ਚਾਂਦੀ ਸੋਨੇ ਦੇ ਵੱਟਿਆਂ ਨਾਲ, ਤੋਲੀ ਜਾਇ ਨਾ ਪ੍ਰੀਤ
ਇਹ ਤਾਂ ਹੈਨ ਦਿਲਾਂ ਦੇ ਸੌਦੇ, ਜੋ ਕੁਦਰਤ ਦੀ ਰੀਤ
ਧੱਕੇ ਨਾਲ ਨਾ ਕਬਜ਼ਾ ਰਹਿੰਦਾ, ਸ਼ਾਹੀਆਂ ਥੱਕੀਆਂ ਹਾਰ
ਮੁੱਲ ਨਾ ਵਿਕਦਾ ਪਿਆਰ ਵੇ, ਲੋਕੋ ! ਮੁੱਲ ਨਾ ਵਿਕਦਾ ਪਿਆਰ

੨੮-੧੦-੫੮

# ਮਿਰਕਣ ਨਾ ਜਾਹ ਵੇ

ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ
ਡਾਲਰ ਚਾਂਦੀ ਦੇ, ਮਨ ਮੋਹ ਲਿਆ ਲੋਭੀਆ ! ਤੇਰਾ
ਤਾਂਮਾ ਹੋ ਜਾਇਗਾ, ਨਾਲ ਹਉਕਿਆਂ ਸੁਨਹਿਰੀ ਰੰਗ ਮੇਰਾ
ਰੋਂਦੇ ਜੋਬਨ ਨੂੰ, ਕੀ ਕਹਿ ਕੇ ਦੇਊਂ ਦਿਲਾਸਾ ?
ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ

ਨਿੱਕਾ ਹੁੰਦਾ ਗਾਉਂਦਾ ਸੈਂ, 'ਕੁੱਲੀ ਯਾਰ ਦੀ ਸੁਰਗ ਦਾ ਝੂਟਾ'
ਅੱਜ ਕਿਉਂ ਗੁਲਾਬ ਖਿੜਿਆ, ਤੈਨੂੰ ਜਾਪਦਾ ਥੋਹਰ ਦਾ ਬੂਟਾ
'ਭੌਰ ਭੁੱਖੇ ਵਾਸ਼ਨਾ ਦੇ', ਚਾਂਦੀ ਵਾਸਤੇ ਫਿਰਨ ਲਈ ਕਾਸਾ
ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ

ਬਾਗ਼ ਬਿਗਾਨੇ ਦੇ, ਸੁੱਕ ਜਾਣਾ ਓਥੇ ਵੱਟ 'ਤੇ ਖਲੋਤੇ
ਏਧਰ ਟੁੱਕ ਜਾਣਗੇ, ਤੇਰੇ ਅੰਬਰੀਂ ਸੇਆਂ ਨੂੰ ਤੋਤੇ
ਊਜਾਂ ਦੀ ਅੱਗ ਵਿਚ ਵੇ, ਰਹੂ ਸੜਦਾ ਪਿਆਰ ਪਿਆਸਾ
ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ

ਫੱਬਣਾ ਨਹੀਂ ਕਾਹਨਾ ! ਓਥੇ ਭੂਰੀਆਂ ਰੰਨਾਂ ਵਿਚ ਬਹਿ ਕੇ
ਤਾਹਨੇ ਦੇਣ ਗੀਆਂ, ਮੇਰੇ ਚੰਦ ਨੂੰ 'ਕਾਲਾ' ਕਹਿ ਕੇ
ਸੂਲਾਂ ਬਣ ਰੜਕੂ, ਮੇਰੀ ਹਿੱਕ 'ਚ ਉਹਨਾਂ ਦਾ ਹਾਸਾ
ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ

ਜਾਣੇ ਇਸ ਦੇਸ ਦੀ ਕੁੜੀ, ਸੌ-ਜੁੜੀ ਵਿਚ ਲਾ ਕੇ ਨਿਭਾਉਣੀ
ਫ਼ਿਲਮਾਂ ਦੇ ਵਿਚ ਵੇਖੀਆਂ, ਉਹਨਾਂ ਪਰੀਆਂ ਨਾ ਤੋੜ ਪੁਗਾਉਣੀ
ਉਡਦੀ ਹਵਾ ਵਿਚ ਜੋ ਬੁੱਢੀ ਅੱਕ ਦੀ ਦਾ ਕੀ ਭਰਵਾਸਾ ?
ਮਿਰਕਣ ਨਾ ਜਾਹ ਵੇ, ਚੰਨ ! ਛੱਡ ਕੇ ਸੁਰਗ ਦਾ ਵਾਸਾ

੧੨-੩-੫੭

# ਮੈਂ ਵੱਸਾਂ ਪਰਦੇਸ

ਤੇਰੇ ਚਾਵਾਂ ਦੇ ਦਿਨ ਸਜਨੀ ! ਮੈਂ ਵੱਸਾਂ ਪਰਦੇਸ
ਕਹਿੰਦੇ: ਰਿਜ਼ਕ ਵਿਹੂਣੇ ਬੰਦੇ ਗਏ ਮੁਹੱਬਤਾਂ ਤੋੜ
ਪ੍ਰੀਤ ਉਨ੍ਹਾਂ ਦੇ ਰਾਹ ਨਾ ਰੋਕੇ ਹੁਸਨ ਨਾ ਸਕਿਆ ਮੋੜ
ਹੱਡੀਂ ਵਾਪਰੀਆਂ, ਤਾਂ ਜਾਤਾ ਇਸ ਵਿਚ ਝੂਠ ਨਾ ਲੇਸ
ਤੇਰੇ ਚਾਵਾਂ ਦੇ ਦਿਨ ਸਜਨੀ ! ਮੈਂ ਵੱਸਾਂ ਪਰਦੇਸ
ਬੀਤੀ ਰਾਤ, ਉਸ਼ੇਰ ਨੱਢੀ ਦਾ ਮੱਥਾ ਹੋਇਆ ਲਾਲ
ਚੜ੍ਹਦੇ ਸੂਰਜ ਨੂੰ ਪਏ ਤੱਕਦੇ ਲੋਕੀਂ ਚਾਵਾਂ ਨਾਲ
ਮੈਨੂੰ ਜਾਪੇ, ਰਾਤ ਦੇ ਉਲਝੇ ਸਾਂਭ ਲੈ ਤੂੰ ਕੇਸ
ਤੇਰੇ ਚਾਵਾਂ ਦੇ ਦਿਨ ਸੱਜਨੀ ! ਮੈਂ ਵੱਸਾਂ ਪਰਦੇਸ
ਕੰਮੀ ਰੁੱਝਾ ਬੰਦਾ, ਕਹਿੰਦੇ: ਭੁੱਲ ਜਾਂਦਾ ਸਭ ਖ਼ਿਆਲ
ਮੇਰਾ ਮਨ, ਤੇਰੇ ਵਿਚ ਵੱਸੇ, ਕਰਾਂ ਕੀ ਤਨ ਦੇ ਨਾਲ ?
ਝੋਕ ਛੱਡੀ ਏ ਭੱਠ ਜਵਾਨੀ, ਮਾਰੂ ਹਾਲਤ ਏਸ
ਤੇਰੇ ਚਾਵਾਂ ਦੇ ਦਿਨ ਸਜਨੀ ! ਮੈਂ ਵੱਸਾਂ ਪਰਦੇਸ
ਤੇਰੇ ਹਉਕਿਆਂ ਨੇ ਕਰ ਦਿੱਤਾ ਧੁੰਦਲਾ ਸਭ ਅਸਮਾਨ
ਲੱਖ ਸੂਰਜ, ਲੱਖ ਬਿਜਲੀਆਂ ਹੁੰਦਿਆਂ ਪਿਆ ਹਨ੍ਹੇਰ ਜਹਾਨ
ਤੇਰੇ ਕੱਜਲੇ ਖੁਰ ਖੁਰ ਕੀਤਾ ਕਾਲਾ ਮੇਰਾ ਵੇਸ
ਤੇਰੇ ਚਾਵਾਂ ਦੇ ਦਿਨ ਸਜਨੀ ! ਮੈਂ ਵੱਸਾਂ ਪਰਦੇਸ
ਨਾਲ ਖ਼ੁਸ਼ੀ ਦੇ ਕੋਈ ਨਹੀਂ ਹੁੰਦਾ ਪਿਆਰ ਅਪਨੇ ਤੋਂ ਦੂਰ
ਮੈਨੂੰ ਵੀ ਹਾਲਾਤ ਨੇ ਸਜਨੀ ! ਕੀਤਾ ਏ ਮਜਬੂਰ
ਜੇ ਕਰ ਮੈਨੂੰ ਰੱਜਵੀਂ ਰੋਟੀ ਦੇਂਦਾ ਮੇਰਾ ਦੇਸ
ਕਿਉਂ ਜਾਂਦਾ ਪਰਦੇਸ ? ਮੈਂ, ਸਜਨੀ ! ਕਿਉਂ ਜਾਂਦਾ ਪਰਦੇਸ
ਤੇਰੇ ਚਾਵਾਂ ਦੇ ਦਿਨ ਸਜਨੀ ! ਮੈਂ ਵੱਸਾਂ ਪਰਦੇਸ

੨੮-੧੦-੫੮

# ਸੋਨੇ-ਰੰਗਾ ਤੋਰੀਆ

ਸੋਨੇ-ਰੰਗੇ ਫੁੱਲਾਂ ਵਾਲੇ ਤੋਰੀਏ ਦੇ ਬੰਨੇ ਬੰਨੇ
ਹਾਣੀਆਂ ! ਮੈਂ ਫਿਰਾਂ ਪੈਲਾਂ ਪਾਵੰਦੀ
ਗੋਰੀ ਖ਼ੁਸ਼ੀ ਵਿਚ ਨੱਚਦੀ ਤੇ ਗਾਵੰਦੀ

ਤੋਰੀਆ ਏ ਮੇਰਾ, ਅੱਜ ਮੇਰੇ ਈ ਨੇ ਫੁੱਲ ਵੇ
ਜੁੱਗਾਂ ਪਿੱਛੋਂ ਪਿਆ ਕਿਤੇ ਮਿਹਨਤਾਂ ਦਾ ਮੁੱਲ ਵੇ
ਬਾਂਕਾਂ ਵਾਲੀ ਅੱਡੀ ਮੇਰੀ ਲੱਗੇ ਨਾ ਜ਼ਮੀਨ ਨਾਲ
ਹੌਲੀ ਹੌਲੀ ਪੱਬ ਹਾਂ ਟਿਕਾਵੰਦੀ
ਅੱਜ ਖ਼ੁਸ਼ੀ ਵਿਚ ਨੱਚਦੀ ਤੇ ਗਾਵੰਦੀ
ਸੋਨੇ-ਰੰਗੇ ਫੁੱਲਾਂ ਵਾਲੇ......

ਅੱਗੇ ਮੇਰੇ ਤੋਰੀਏ ਨੂੰ ਲੱਖਾਂ ਸੀ ਬੀਮਾਰੀਆਂ
ਲੈਂਦੇ ਸੀ ਮਰੁੰਡ ਡਾਢੇ ਗੰਦਲਾਂ ਕੁਆਰੀਆਂ
ਗੰਦਲਾਂ ਦੇ ਰਾਖੇ ਹੁਣ ਹੋ ਗਏ ਹੁਸ਼ਿਆਰ ਚੰਨਾ !
ਅੱਜ ਵੈਰੀ ਅੱਖ ਵੀ ਨਾ ਭਾਵੰਦੀ
ਗੋਰੀ ਫਿਰੇ ਅੱਜ ਨੱਚਦੀ ਤੇ ਗਾਵੰਦੀ
ਸੋਨੇ-ਰੰਗੇ ਫੁੱਲਾਂ ਵਾਲੇ......

ਅੱਗੇ ਮੇਰੇ ਤੋਰੀਏ ਨੂੰ ਤੋਤੇ ਟੁਕ ਜਾਂਦੇ ਸੀ
ਨਾਲੇ ਸੀ ਉਜਾੜਦੇ ਤੇ ਨਾਲੇ ਧਮਕਾਂਦੇ ਸੀ
ਤੇਜ਼ ਚੁੰਝਾਂ ਨਾਲ ਮਾਸ ਚੂੰਡਦੇ ਸੀ ਜਿਉਂਦਿਆਂ ਦਾ
ਹੰਭ ਗਈ ਸਾਂ ਨਿੱਤ ਮੈਂ ਉਡਾਵੰਦੀ
ਅੱਜ ਖ਼ੁਸ਼ੀ ਵਿਚ ਨੱਚਦੀ ਤੇ ਗਾਵੰਦੀ
ਸੋਨੇ-ਰੰਗੇ ਫੁੱਲਾਂ ਵਾਲੇ......

ਅੱਗੇ ਮੇਰੇ ਤੋਰੀਏ ਨੂੰ ਤੇਲਾ ਮਾਰ ਜਾਂਦਾ ਸੀ
ਬੜਾ ਸੀ ਮਾਸੂਮ, ਝੱਟ ਖ਼ੂਨ 'ਤੇ ਟਪਾਂਦਾ ਸੀ
ਤਾੜ ਗਈਆਂ ਚਾਲ ਸਭ ਜੋਕਾਂ ਰੱਤ ਪੀਣੀਆਂ ਦੀ
ਹੁਣ ਨਾ ਮੈਂ ਝਾਸੇ ਵਿਚ ਆਵੰਦੀ
ਅਜ ਖ਼ੁਸ਼ੀ ਵਿਚ ਫਿਰਾਂ ਚੰਨ ! ਗਾਵੰਦੀ
ਸੋਨੇ-ਰੰਗ ਫੁੱਲਾਂ ਵਾਲੇ......

ਜਾਗ ਪਏ ਨੇ ਕਾਮੇ, ਹੁਣ ਜਾਗ ਪਏ ਨੇ ਖੇਤ ਵੇ
ਚਾਂਦੀ-ਰੰਗੀ ਹੋ ਗਈ ਮੇਰੇ ਟਿੱਬਿਆਂ ਦੀ ਰੇਤ ਵੇ
ਸੋਨਾ ਵੰਡੇ ਤੋਰੀਆ, ਤੇ ਕਣਕ ਸਵੇਰੇ ਉੱਠ
ਮੋਤੀਆਂ ਦੇ ਥਾਲ ਪਈ ਲੁਟਾਵੰਦੀ
ਨੱਚੀ ਖ਼ੁਸ਼ੀ ਵਿਚ ਫਿਰੇ ਅੱਜ ਗਾਵੰਦੀ
ਸੋਨੇ-ਰੰਗੇ ਫੁੱਲਾਂ ਵਾਲੇ......

ਮੁੱਕ ਗਈ ਏ ਰਾਤ, ਹੁਣ ਹੋਈ ਏ ਸਵੇਰ ਵੇ
'ਸੀਤਲ' ਜਵਾਨੀ ਆ ਗਈ ਮੇਰੇ ਉੱਤੇ ਫੇਰ ਵੇ
ਮੇਰੇ ਵੱਲ ਵੇਖ, ਮੂੰਹ ਆਰਸੀ ਦਾ ਲਾਲ ਹੋਇਆ
ਝੱਲੀ ਨਾ ਡਲ੍ਹਕ ਇਹਤੋਂ ਜਾਵੰਦੀ
ਗੋਰੀ ਖ਼ੁਸ਼ੀ ਵਿਚ ਫਿਰੇ ਅੱਜ ਗਾਵੰਦੀ

ਸੋਨੇ-ਰੰਗੇ ਫੁੱਲਾਂ ਵਾਲੇ ਤੋਰੀਏ ਦੇ ਬੰਨੇ ਬੰਨੇ
ਹਾਣੀਆਂ ! ਮੈਂ ਫਿਰਾਂ ਪੈਲਾਂ ਪਾਵੰਦੀ
ਗੋਰੀ ਖ਼ੁਸ਼ੀ ਵਿਚ ਨੱਚਦੀ ਤੇ ਗਾਵੰਦੀ

੧੧-੧੨-੫੭

# ਉੱਡ ਜੌ ਨਿਲੱਜ ਤੋਤਿਓ ।

ਮੇਰੇ ਰਾਂਗਲੇ ਹੱਥਾਂ ਦੇ ਵਿਚ ਗੋਪੀਆ
ਵੇ ਉੱਡ ਜੌ ਨਿਲੱਜ ਤੋਤਿਓ !

ਰਾਤਾਂ ਬੀਤੀਆਂ, ਸੰਧੂਰੇ ਦਿਨ ਸੱਜਰੇ
ਤੇ ਬਾਗ਼ਾਂ 'ਚ ਬਹਾਰਾਂ ਆ ਗਈਆਂ
ਨਾਲ ਹਾਣੀਆਂ ਦੇ ਸੱਗਵਾਂ ਕਮਾਉਣ ਨੂੰ
ਵੇ ਖੇਤੀਂ ਮੁਟਿਆਰਾਂ ਆ ਗਈਆਂ
ਬੀਤੇ ਜੁੱਗ ਦੀਆਂ ਬੀਤੀਆਂ ਕਹਾਣੀਆਂ
ਨਾ ਭਾਲੋ ਹੋਰ ਪੱਜ ਤੋਤਿਓ !

ਮੇਰੇ ਰਾਂਗਲੇ ਹੱਥਾਂ ਦੇ ਵਿਚ ਗੋਪੀਆ
ਵੇ ਉੱਡ ਜੌ ਨਿਲੱਜ ਤੋਤਿਓ !

......

ਬੜਾ ਚਿਰ ਮੈਂ ਭੁਲੇਖੇ ਵਿਚ ਵਿਹਲੜੋ !
ਵੇ, ਤੁਸਾਂ ਨੂੰ ਖੁਆਈਆਂ ਚੂਰੀਆਂ
ਮੇਰਾ ਖਾ ਕੇ, ਤੁਸਾਂ ਮੇਰੀਆਂ ਹੀ ਟੁੱਕੀਆਂ
ਅਛੂਹ ਅੰਬੀਆਂ ਸੰਧੂਰੀਆਂ
ਐਵੇਂ ਭੁੱਲੀ ਰਹੀ ਤੁਹਾਡੀ 'ਰਾਮ ਰਾਮ' 'ਤੇ
ਵੇ ਪਤਾ ਲੱਗਾ ਅੱਜ ਤੋਤਿਓ !

ਮੇਰੇ ਰਾਂਗਲੇ ਹੱਥਾਂ ਦੇ ਵਿਚ ਗੋਪੀਆ
ਵੇ ਉੱਡ ਜੌ ਨਿਲੱਜ ਤੋਤਿਓ !

ਜਿਹੜੇ ਕਾਂਵਾਂ, ਚਮਗਿੱਦੜਾਂ ਦੇ ਮਾਣ ਤੇ
ਵੇ ਰਹੇ ਓ ਖੇਤੀਆਂ ਉਜਾੜ ਦੇ
ਵੇਖ ਜਾਗ ਪਈ ਜਵਾਨੀ ਮੇਰੇ ਦੇਸ ਦੀ
ਉਹ ਲੁਕਣ ਨੂੰ ਢੋਹਾਂ ਤਾੜਦੇ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਖੇਤ ਸਾਂਭ ਲਏ ਨੇ ਖੇਤਾਂ ਦਿਆਂ ਮਾਲਕਾਂ
ਲੁਟੇਰੇ ਚੱਲੇ ਭੱਜ ਤੋਤਿਓ !
ਮੇਰੇ ਰਾਂਗਲੇ ਹੱਥਾਂ ਦੇ ਵਿਚ ਗੋਪੀਆ
ਵੇ ਉੱਡ ਜੋ ਨਿਲੱਜ ਤੋਤਿਓ !

ਜਿੱਥੇ ਮਿਹਨਤ ਤੇ ਰੂਪ, ਦੋਵੇਂ ਵਿਕਦੇ ਸੀ
ਮੰਡੀਆਂ ਉਹ ਬੰਦ ਹੋ ਗਈਆਂ
ਜੁੱਤੀ ਪੈਰ ਦੀ ਜਿੰਨ੍ਹਾਂ ਨੂੰ ਮੂੜ੍ਹ ਆਖਦੇ ਸੀ
ਅੰਬਰਾਂ ਦੇ ਚੰਦ ਹੋ ਗਈਆਂ
ਹੱਕ ਆਪਣਾ ਹੈ ਅਸਾਂ ਵੀ ਪਛਾਣਿਆਂ
ਤੇ ਕਹੀਏ ਗੱਜ ਵੱਜ ਤੋਤਿਓ !
ਮੇਰੇ ਰਾਂਗਲੇ ਹੱਥਾਂ ਦੇ ਵਿਚ ਗੋਪੀਆ
ਵੇ ਉੱਡ ਜੋ ਨਿਲੱਜ ਤੋਤਿਓ !

ਮੈਨੂੰ ਉਡਦੀ ਹਵਾ ਦੇ ਵਿਚ ਤੱਕ ਕੇ
ਤੇ ਪਰੀਆਂ ਦੇ ਪਰ ਝੜ ਗਏ
ਚੰਦ, ਸੂਰਜ ਮੱਥੇ ਦਾ ਤੇਜ ਵੇਖ ਕੇ
ਤੇ ਬੱਦਲਾਂ 'ਚ ਦੋਵੇਂ ਵੜ ਗਏ
ਅਸਾਂ ਧਰਤੀ 'ਤੇ ਸੁਰਗ ਬਣਾ ਲਿਆ
ਹੰਢਾਈਏ ਰੱਜ ਰੱਜ ਤੋਤਿਓ !
ਮੇਰੇ ਰਾਂਗਲੇ ਹੱਥਾਂ ਦੇ ਵਿਚ ਗੋਪੀਆ
ਵੇ ਉੱਡ ਜੋ ਨਿਲੱਜ ਤੋਤਿਓ !

੭-੯-੫੮

# ਬਦਲ ਗਈ ਇਹ ਧਰਤੀ

ਤੇਰੀ ਮੇਰੀ ਪ੍ਰੀਤ, ਐ ਸਜਨੀ ! ਹੁਣ ਚੜ੍ਹਸੀ ਪਰਵਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਬੀਤ ਗਏ ਨੇ ਜੁੱਗ ਪੁਰਾਣੇ
ਹੁਣ ਨਹੀਂ ਚੱਲਣੇ ਜ਼ੋਰ ਧਿਗਾਣੇ
ਹੁਣ ਇਨਸਾਫ਼ ਦੀ ਕੁਰਸੀ ਉੱਤੇ ਆ ਬੈਠਾ ਇਨਸਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਹੁਣ ਨਾ ਲੁੱਟੀ ਜਾਊ ਮਜੂਰੀ
ਖੁੱਸੂ ਨਾ ਰਾਂਝੇ ਦੀ ਚੂਰੀ
ਨਾ ਹੁਣ ਖੇੜਾ ਧੱਕਾ ਕਰਸੀ, ਨਾ ਕੈਦੋ ਸ਼ੈਤਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਹੁਣ ਬਾਜ਼ਾਰ 'ਚ ਹੁਸਨ ਵਿਕੂ ਨਾ
ਇਸ਼ਕ ਦੇ ਸਿਰ ਤਲਵਾਰ ਟਿਕੂ ਨਾ
ਦਿਲ ਮਿਲਦੇ ਨਾ ਰੋਕ ਸਕਣਗੇ, ਹੁਣ ਸ਼ਾਹੀ ਫ਼ੁਰਮਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਹੁਣ ਨਾ ਧਰਮ ਭੁਲੇਖੇ ਪਾਊ
ਨਾ ਕੋਈ ਸਤੀਆਂ ਚਿਖਾ ਚੜ੍ਹਾਊ
ਸੋਨੇ-ਮੜ੍ਹੀਆਂ ਲਾਸ਼ਾਂ ਸੰਗ ਨਾ, ਰੂਪ ਹੋਊ ਕੁਰਬਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਤੁਰ ਗਏ ਏਥੋਂ ਰਾਜਾ ਰਾਣੀ
ਉਹਨਾਂ ਦੀ ਮੁੱਕ ਗਈ ਕਹਾਣੀ
ਸ਼ਾਇਰ ਨਵੇਂ, ਮਜ਼ਮੂਨ ਨਵੇਂ, ਹੁਣ ਬਦਲੇ ਤਰਜ਼ ਬਿਆਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਜ਼ਿੰਦਗੀ ਨੇ ਛੱਡ ਮਹਿਲ ਮੁਨਾਰੇ
ਆਣ ਵਸਾਏ ਝੁੱਗੀਆਂ ਢਾਰੇ
'ਤਾਜ ਮਹਿਲ' 'ਚੋਂ ਨਿਕਲ ਮੁਹੱਬਤ, ਖੇਤੀਂ ਪਹੁੰਚੀ ਆਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਕੁਮਰੀ, ਸਰੂ, ਸ਼ਮ੍ਹਾਂ, ਪਰਵਾਨੇ
ਹੁਣ ਜਾਪਣ ਲੱਗ ਪਏ ਪੁਰਾਣੇ
ਕਣਕ, ਬਾਜਰੇ, ਨਰਮੇ, ਝੋਨੇ, ਅੱਜ ਗੀਤਾਂ ਦੀ ਜਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਕਿਧਰੇ ਦਿੱਸਣ ਫਲੇ ਤੋਰੀਏ
ਮੂੰਹੀਂ ਲਾਲੀ, ਉਡਣ ਡੋਰੀਏ
ਅਪਣੀ ਕਿਸਮਤ ਦਾ ਅੱਜ ਮਾਲਕ, ਬਣਿਆਂ ਵਾਹੀਵਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

ਇੰਦਰ ਦੇ ਮਹਿਲੀਂ ਸਨ ਅੱਗੇ
ਕਲਪ-ਬਿਰਛ ਖੂਹਾਂ 'ਤੇ ਲੱਗੇ
ਬਾਗ਼ਾਂ ਦੇ ਵਿਚ ਬਦਲ ਚੱਲੇ ਨੇ ਬੰਜਰ, ਬੀਆਬਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

'ਸੀਤਲ' ਪਰਤ ਭਈ ਹਰਿਆਲੀ
ਨਾ ਦਾਤਾ, ਨਾ ਕੋਈ ਸਵਾਲੀ
ਇਸ ਜਨਤ ਵਿਚ ਵੱਸਣਾ ਲੋੜੂ, ਛੱਡ ਸੁਰਗ ਭਗਵਾਨ
ਬਦਲ ਗਈ ਇਹ ਧਰਤੀ ਅਪਣੀ, ਬਦਲ ਗਿਆ ਅਸਮਾਨ

੧੫-੬-੫੮

ਗਿਆਨੀ ਸਰੂਪ ਸਿੰਘ
ਪੰਥਕ
ਵਾਣੀ ਸੇਵਾ
98150-03075

# ਮੈਂ ਉਸਨੂੰ ਪਿਆਰ ਕਰਦਾ ਹਾਂ

ਬੜਾ ਸਾਦਾ ਜਿਹਾ ਇਨਸਾਨ ਹੈ, ਇਨਸਾਨ ਹੈ ਐਪਰ
ਉਹ ਮੇਰੀ ਨਜ਼ਰ ਵਿਚ ਮਾਨੁੱਖਤਾ ਦੀ ਸ਼ਾਨ ਹੈ ਐਪਰ
ਨਾ ਲਾਲਚ ਸੁਰਗ ਦਾ ਉਸਨੂੰ, ਤੇ ਭੈ ਨਰਕਾਂ ਦਾ ਖਾਂਦਾ ਨਹੀਂ
ਮੈਂ ਉਸਨੂੰ ਪਿਆਰ ਕਰਦਾ ਹਾਂ

ਕਿਸੇ ਵੱਡੇ ਦੀ, ਉਹ ਛੋਟਾ, ਖ਼ੁਸ਼ਾਮਦ ਕਰ ਨਹੀਂ ਸਕਦਾ
ਕਿਸੇ ਮਾੜੇ 'ਤੇ ਧੱਕਾ ਵੇਖ ਹੁੰਦਾ ਜਰ ਨਹੀਂ ਸਕਦਾ
ਬਿਨਾਂ ਕਾਰਨ, ਕਿਸੇ ਚੰਗੇ ਬੁਰੇ ਦਾ ਦਿਲ ਦੁਖਾਂਦਾ ਨਹੀਂ
ਮੈਂ ਉਸਨੂੰ ਪਿਆਰ ਕਰਦਾ ਹਾਂ

ਬੜਾ ਪੱਕਾ ਹੈ ਉਹ ਕੁਛ ਆਪਣੇ ਮਿਥਵੇਂ ਅਸੂਲਾਂ 'ਤੇ
ਮਗਰ ਸ਼ਰਧਾ ਨਹੀਂ ਆਪੇ ਬਣੇ ਭੇਖੀ ਰਸੂਲਾਂ 'ਤੇ
ਕਹੇ ਕੋਈ ਲੱਖ ਉਸਨੂੰ, ਇਕ ਵੀ ਦਿਲ 'ਤੇ ਲਿਆਂਦਾ ਨਹੀਂ
ਮੈਂ ਉਸਨੂੰ ਪਿਆਰ ਕਰਦਾ ਹਾਂ

ਉਹ ਮੰਨਦੈ ਧਰਮ, ਪਰ ਉਹ ਧਰਮ ਲੋਕਾਂ ਤੋਂ ਨਿਆਰਾ ਏ
ਨਾ ਝਗੜਾ 'ਵਰ' 'ਸਰਾਪਾਂ' ਦਾ, ਤੇ ਨਾ 'ਪੁੰਨਾਂ' ਦਾ ਲਾਰਾ ਏ
ਹੈ ਇੱਕੋ ਅੰਦਰੋਂ ਬਾਹਰੋਂ, ਕਦੇ ਸ਼ਕਲਾਂ ਵਟਾਂਦਾ ਨਹੀਂ
ਮੈਂ ਉਸਨੂੰ ਪਿਆਰ ਕਰਦਾ ਹਾਂ

ਉਹ 'ਨੇਕੀ' ਤੇ 'ਬਦੀ' ਦੋ ਸ਼ਬਦ ਸੁਣ ਸੁਣ ਕੇ ਨਾ ਘਬਰਾਂਦਾ
ਜੋ ਕੁਛ ਚੰਗਾ ਕਰੇ, ਲੀਡਰ ਬਣਨ ਲਈ ਸ਼ੋਰ ਨਹੀਂ ਪਾਂਦਾ
ਤੇ ਜੇ ਹੋ ਜੈ ਗੁਨਾਹ, ਤਾਂ ਪਰਦਿਆਂ ਦੇ ਵਿਚ ਲੁਕਾਂਦਾ ਨਹੀਂ
ਮੈਂ ਉਸ ਨੂੰ ਪਿਆਰ ਕਰਦਾ ਹਾਂ

ਨਾ ਢਾਹ ਕੱਖਾਂ ਦੀਆਂ ਕੁੱਲੀਆਂ, ਧਰਮ ਮੰਦਰ ਬਣਾਦਾ ਏ
ਨਾ ਲੀਰਾਂ ਪਾਟੀਆਂ ਧੂਹ ਕੇ ਚੰਦੋਏ ਈ ਚੜ੍ਹਾਂਦਾ ਏ
ਤੇ ਖੂਹ ਮਜ਼ਦੂਰ ਦੀ ਰੋਟੀ ਉਹ ਕਿਧਰੇ ਜੱਗ ਲਵਾਂਦਾ ਨਹੀਂ
ਮੈਂ ਉਸ ਨੂੰ ਪਿਆਰ ਕਰਦਾ ਹਾਂ

ਉਹ ਬਹੁਤੀ ਫੇਰ ਮਾਲਾ, ਰੱਬ ਨੂੰ ਹੈਰਾਨ ਨਹੀਂ ਕਰਦਾ
ਤੇ ਅਪਣੇ ਭਜਨ ਦੇ ਬਲ ਕਿਸੇ ਤੋਂ ਤਾਵਾਣ ਨਹੀਂ ਭਰਦਾ
ਉਹ ਅਪਣੀ ਪਾਰਸਾਈ ਦਾ ਕਿਸੇ 'ਤੇ ਰੁਹਬ ਪਾਂਦਾ ਨਹੀਂ
ਮੈਂ ਉਸ ਨੂੰ ਪਿਆਰ ਕਰਦਾ ਹਾਂ

ਸਫਾਰਸ਼ ਸੁਣ ਕੇ ਬਖਸ਼ੂ, ਉਸ ਨੂੰ ਲਾਈਲੱਗ ਨਹੀਂ ਮੰਨਦਾ
ਉਹ ਉਸਨੂੰ ਇਕ ਧੜੇ ਦਾ, ਰਿਸ਼ਵਪੀ, ਜਾਂ ਠੱਗ ਨਹੀਂ ਮੰਨਦਾ
ਇਸੇ ਲਈ, ਭੁੱਲ ਕਰਕੇ ਸੁੱਖਣਾ ਸੁੱਖ, ਬਖ਼ਸ਼ਵਾਂਦਾ ਨਹੀਂ
ਮੈਂ ਉਸ ਨੂੰ ਪਿਆਰ ਕਰਦਾ ਹਾਂ

ਨਾ ਉਹ ਸ਼ੈਤਾਨ ਹੈ, ਨਾ ਦੇਵਤਾ ਬਣ ਕੇ ਵਿਖਾਂਦਾ ਏ
ਕਿਤੇ ਘੁੱਟ ਪੀ ਬਹੇ, ਤਾਂ ਪੀ ਕੇ ਨਾ ਮੰਦਰ 'ਚ ਜਾਂਦਾ ਏ
ਕਹੋ:- ਕਾਫ਼ਰ ਹੈ ਉਹ, ਪਰ ਭੇਖ ਸੰਤਾਂ ਦਾ ਬਣਾਂਦਾ ਨਹੀਂ
ਮੈਂ ਉਸ ਨੂੰ ਪਿਆਰ ਕਰਦਾ ਹਾਂ

ਕਦੇ ਉਹ ਅਪਣੀ ਮਿਹਨਤ ਤੋਂ ਵਧੇਰੇ ਦਾਤ ਨਹੀਂ ਮੰਗਦਾ
ਤੇ ਅਪਣਾ ਹੱਕ ਤਾਕਤ ਨਾਲ ਵੀ ਲੈਣੋ ਨਹੀਂ ਸੰਗਦਾ
ਹੈ 'ਸੀਤਲ' ਬੇ-ਨਿਆਜ਼ ਇਤਨਾ, ਕਿਤੇ ਪੱਲਾ ਫੈਲਾਂਦਾ ਨਹੀਂ
ਮੈਂ ਉਸ ਨੂੰ ਪਿਆਰ ਕਰਦਾ ਹਾਂ
ਮੈਂ ਉਸ ਨੂੰ ਪਿਆਰ......

੩੦-੧੦-੫੮

## ਸੋਹਣ ਸਿੰਘ 'ਸੀਤਲ' (ਰਚਿਤ)

**ਨਾਵਲ :** ੧. ਸਿੰਘ ਬੁਕੇ (ਇਤਿਹਾਸਕ) ੨. ਜੁੱਗ ਬਦਲ ਗਿਆ ੧੨), ੩. ਜਵਾਲਾ ਮੁਖੀ ੯), ੪. ਸੁੰਞਾ ਆਹਲਣਾ ੬), ੫. ਈਚੋਗਿਲ ਨਹਿਰ ਤਕ ੧੦) ੬. ਮੁੱਲ ਦਾ ਮਾਸ ੭॥), ੭. ਪਤਵੰਤੇ ਕਾਤਲ ੮), ੮. ਅੰਨ੍ਹੀ ਸੁੰਦਰਤਾ ੭), ੯. ਵਿਜੋਗਣ ੬), ੧੦. ਦੀਵੇ ਦੀ ਲੋ ੭), ੧੧. ਜੰਗ ਜਾਂ ਅਮਨ ੧੨), ੧੨. ਧਰਤੀ ਦੀ ਬੇਟੀ ੫), ੧੩. ਪ੍ਰੀਤ ਤੇ ਪੈਸਾ ੭), ੧੪. ਕਾਲੇ ਪਰਛਾਂਵੇਂ ੧੨) ੧੫. ਤੂਤਾਂ ਵਾਲਾ ਖੂਹ ੧੨), ੧੬. ਧਰਤੀ ਦੇ ਦੇਵਤੇ ੮), ੧੭ ਬਦਲਾ ੪), ੧੮. ਪ੍ਰੀਤ ਕਿ ਰੂਪ ੫), ੧੯. ਮ. ਜਿੰਦਾਂ ੪), ੨੦. ਮ ਦਲੀਪ ਸਿੰਘ ੪)

**ਕਹਾਣੀਆਂ :** ੨੧. ਕਦਰਾਂ ਬਦਲ ਗਈਆਂ ੮)

**ਦੋ ਇਕਾਂਗੀ :** ੨੨, ਸੰਤ ਲਾਧੋ ਰੇ ਤੇ ਲੋਕ ਸੇਵਕ ੪)

**ਬਾਲ ਸਾਹਿਤ :** ੨੩. ਬਾਬਾ ਨਾਨਕ ੫), ੨੪. ਧਰਮ ਦਾ ਰਾਖਾ, ਗੁਰੂ ਤੇਗ ਬਹਾਦਰ ੩), ੨੫. ਸਿੱਖ ਸ਼ਹੀਦ ਤੇ ਯੋਧੇ ੪)

**ਇਤਿਹਾਸ :** ੨੬. ਸੰਖੇਪ ਜੀਵਨੀ ਗੁਰੂ ਨਾਨਕ ਦੇਵ ਜੀ ੪), ੨੭. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ੬), ੨੮. ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ੧੦), ੨੯. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ ੧੫), ੩੦. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ ੧੨), ੩੧. ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ ੭॥), ੩੨. ਬੰਦਾ ਸਿੰਘ ਸ਼ਹੀਦ ੬) ੩੩. ਸਿੱਖ ਰਾਜ ਕਿਵੇਂ ਬਣਿਆਂ ੯), ੩੪. ਸਿੱਖ ਮਿਸਲਾਂ ੭), ੩੫. ਸਿੱਖ ਰਾਜ ਤੇ ਸ਼ੇਰੇ ਪੰਜਾਬ ੭), ੩੬. ਸਿੱਖ ਰਾਜ ਕਿਵੇਂ ਗਿਆ ੧੦), ੩੭. ਦੁਖੀਏ ਮਾਂ ਪੁੱਤ ੮), ੩੮. ਸੰਖੇਪ ਇਤਿਹਾਸ ਦਸ ਪਾਤਸ਼ਾਹੀਆਂ ੧੫)

### ਵਾਰਾਂ ਹਰ ਇਕ ਦਾ ਮੁੱਲ ਚਾਰ ਰੁਪੈ

੩੯. ਸੀਤਲ ਕਿਰਣਾਂ, ੪੦. ਸੀਤਲ ਸੁਨੇਹੇ, ੪੧. ਸੀਤਲ ਹੰਝੂ, ੪੨. ਸੀਤਲ ਹੁਲਾਰੇ, ੪੩. ਸੀਤਲ ਤਰੰਗਾਂ, ੪੪. ਸੀਤਲ ਪ੍ਰਸੰਗ, ੪੫. ਸੀਤਲ ਪ੍ਰਕਾਸ਼, ੪੬. ਸੀਤਲ ਤਰਾਨੇ, ੪੭. ਸੀਤਲ ਵਾਰਾਂ, ੪੮. ਸੀਤਲ ਤਾਂਘਾਂ, ੪੯. ਸੀਤਲ ਵਲਵਲੇ, ੫੦. ਸੀਤਲ ਚੰਗਿਆੜੇ, ੫੧. ਸੀਤਲ ਚਮਕਾਂ, ੫੨. ਸੀਤਲ ਰਮਜ਼ਾਂ, ੫੩. ਸੀਤਲ ਉਮੰਗਾਂ, ੫੪. ਸੀਤਲ ਅੰਗਿਆਰੇ, ੫੫. ਸੀਤਲ ਮੁਨਾਰੇ, ੫੬. ਸੀਤਲ ਸੁਗਾਤਾਂ । **ਕਵਿਤਾ :** ੫੭. ਵਹਿੰਦੇ ਹੰਝੂ ੪), ੫੮. ਸੱਜਰੇ ਹੰਝੂ ੪), ੫੯. ਦਿਲ ਦਰਿਆ ੪) **ਗੀਤ :** ੫੦. ਮੇਰੇ ਗੀਤ ੪),

**ਮੇਰੀਆਂ ਢਾਡੀ ਵਾਰਾਂ :** ਪਹਿਲਾ ਭਾਗ ੧੮), ਦੂਜਾ ਭਾਗ ੧੮), ਤੀਜਾ ਭਾਗ ੧੮), ਚੌਥਾ ਭਾਗ ੧੮) ।